ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦ੍ਵਾਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-24 ਨੰਬਰ-14

13 ਤੋਂ 19 ਜੇਠ 2073 - 26 May to 1 June 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਅਗੇ ਗੁਰੂ ਜਾਣੇ

ਹੋਰ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ । ਜੋ ਰਹੁ ਸੋ ਬਹੁਤ ਔਖਾ ਹੋਊਗਾ । ਏਨਾ ਨੂ ਤਾ ਗੁਰੂ ਸਾਹਿਬ ਦਾ ਅਨਿਕ ਭਾਤ ਦੀ ਮਾਰ ਦਾ ਹੁਕਮ ਹੈ, ਅਗੇ ਗੁਰੂ ਜਾਣੇ ।



# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਪਹਿਲ ਕਦਮੀ

ਮਨੁੱਖੀ ਜੀਵਨ ਵਿੱਚ ਇਸਤਰੀਆਂ ਦਾ ਬਹੁਤ ਵੱਡਾ ਮਹੱਤਵ ਹੈ। ਉਤਪਤੀ ਤੋਂ ਵਿਕਾਸ ਤੱਕ ਇਸਤਰੀਆਂ ਮਨੁੱਖਾਂ ਦੇ ਚਰਿੱਤਰ ਨੂੰ ਵੀ ਸਵਾਰਨ, ਸੁਧਾਰਨ ਵਿੱਚ ਨਿੱਗਰ ਹਿੱਸਾ ਪਾਉਂਦੀਆਂ ਰਹੀਆਂ ਹਨ ਅਤੇ ਪਾਉਂਦੀਆਂ ਰਹਿਣਗੀਆਂ। ਫਿਰ ਵੀ ਕਿਤੇ ਕਿਤੇ ਇਹ ਕਸਕ ਜਿਹੀ ਪੈਦਾ ਹੁੰਦੀ ਹੈ ਕਿ ਉਸ ਨੂੰ ਸਮਾਜ ਵਿੱਚ ਬਣਦਾ ਥਾਂ ਨਹੀਂ ਦਿੱਤਾ ਜਾਂਦਾ ਰਿਹਾ। ਸਿੱਖ ਧਰਮ ਵਿੱਚ ਉਹ ਥਾਂ ਉਦੋਂ ਮਿਲਦਾ ਸਪਸ਼ਟ ਦਿੱਸਿਆ ਜਦ ੧ ਜੂਨ ੧੮੬੩ ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਪਹਿਲ ਕਦਮੀ ਕੀਤੀ।

ਸਮਾਜ ਵਿੱਚ ਔਰਤ ਦਾ ਆਦਰ ਮਾਣ ਹੋਣਾ ਚਾਹੀਦਾ ਹੈ ਇਸ ਦਾ ਹਵਾਲਾ ਸਾਡੀਆਂ ਸ੍ਰਿਮਿਤੀਆਂ ਵਿੱਚ ਵੀ ਆਇਆ ਹੈ। ਮਨੂੰ ਸ੍ਰਿਮਤੀ ਵਿੱਚ ਲਿਖਿਆਂ ਹੈ – "ਜਿਸ ਘਰ ਜਾਂ ਖਾਨਦਾਨ ਵਿੱਚ ਇਸਤਰੀਆਂ ਦੀ ਪੂਜਾ ਹੁੰਦੀ ਹੈ ਭਾਵ ਆਦਰ ਸਤਿਕਾਰ ਹੁੰਦਾ ਹੈ ਉਸ ਘਰ ਤੇ ਦੇਵਤੇ ਖੁਸ਼ ਰਹਿੰਦੇ ਹਨ। ਜਿਸ ਖਾਨਦਾਨ ਵਿੱਚ ਉਹਨਾਂ ਦੀ ਪੂਜਾ ਨ੍ਹੀਨ ਹੁੰਦੀ, ਉਸ ਖਾਨਦਾਨ ਦੇ ਸਾਰੇ ਕਰਮ ਬੇਕਾਰ ਹੋ ਜਾਂਦੇ ਹਨ।"

ਭਾਵੇਂ ਘਰ ਦੀ ਹੋਂਦ ਹੀ ਇਸਤਰੀ ਬਿਨਾਂ ਸੰਭਵ ਨਹੀਂ ਗਿਣੀ ਜਾ ਸਕਦੀ ਫਿਰ ਵੀ ਉਸ ਨਾਲ ਦੁਰਵਿਹਾਰ ਹੁੰਦਾ ਵੀ ਵੇਖਿਆ ਸੁਣਿਆ, ਪੜ੍ਹਿਆ ਜਾ ਸਕਦਾ ਹੈ। ਉਸ ਦੀਆਂ ਭਾਵਨਾਵਾਂ ਦੀ ਬੇਕਦਰੀ ਹੁੰਦੀ ਹੈ। ਉਸ ਨੂੰ ਕਮਜ਼ੋਰ ਸਮਝ ਕੇ ਉਸ ਪ੍ਰਤੀ ਬੁਰੀ ਨਜ਼ਰ ਰੱਖੀ ਜਾਂਦੀ ਹੈ ਉਸ ਦਾ ਅਨਾਦਰ ਕੀਤਾ ਜਾਂਦਾ ਹੈ। ਉਸ ਨਾਲ ਜ਼ਬਰਦਸਤੀ ਕੀਤੀ ਜਾਂਦੀ ਹੈ ਅਤੇ ਉਸ ਦੀ ਇੱਛਾ ਸ਼ਕਤੀ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ। ਜਿਨ੍ਹਾਂ ਵਿਅਕਤੀਆਂ ਜਾਂ ਸਮਾਜਾਂ ਰਾਹੀਂ ਇਸ ਤਰ੍ਹਾਂ ਦਾ ਦੁਰ ਵਿਹਾਰ ਹੁੰਦਾ ਹੈ ਉਹਨਾਂ ਨੂੰ ਹੀ ਸਮਝਾਉਣ ਲਈ ਵੇਦ ਵਿਆਸ ਵਰਗੇ ਮਹਾਂਰਿਸ਼ੀ ਨੇ ਲਿਖਿਆ ਹੈ – "ਇਸਤਰੀ ਪ੍ਰਕ੍ਰਿਤੀ ਦੀ ਕੰਨਿਆ ਹੈ, ਉਸ ਵੱਲ ਬੁਰੀ ਨਜ਼ਰ ਨਾਲ ਕਦੀ ਨਾ ਵੇਖੋ।" ਗੁਰੂ ਨਾਨਕ ਦੇਵ ਜੀ ਨੇ ਤਾਂ ਜੋ ਕਿਹਾ ਉਹ ਅੱਜ ਵੀ ਕਿਸੇ ਤੋਂ ਲੁਕਿਆ ਨਹੀਂ –

(ਬਾਕੀ ਸਫਾ 2 'ਤੇ)



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਇਸਤਰੀਆਂ ਤੇ ਪਰਉਪਕਾਰਾਂ ਦੀ ਲੜੀ ਚੋਂ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੇ 150 ਵਰ੍ਹੇ ਪੂਰੇ ਹੋਣ ਤੇ ਪਿੰਡ ਸਿਆੜ੍ਹ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ, ਸ੍ਰੀ ਮਾਤਾ ਚੰਦ ਕੌਰ ਜੀ ਉਸੇ ਰੀਤ ਨੂੰ ਚਾਲੂ ਰੱਖ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਣ ਦੀ ਕਿਰਪਾ ਕਰਦੇ ਹੋਏ - 1 ਜੂਨ 2013 ਈ. -ਫਾਈਲ ਫੋਟੋ

## ਚੌਪਈ ਪਾਤਸ਼ਾਹੀ 10ਵੀਂ ਦਾ ਚਾਰ ਰੋਜ਼ਾ ਪ੍ਰਯੋਗ

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵਿਸ਼ਵ ਸ਼ਾਂਤੀ ਅਤੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਚੌਪਈ ਪਾਤਸ਼ਾਹੀ 10 ਵੀਂ ਦਾ ਨਿਰੰਤਰ-ਪ੍ਰਯੋਗ ਸ੍ਰੀ ਭੈਣੀ ਸਾਹਿਬ ਵਿਖੇ 4 ਤੋਂ 8 ਜੂਨ 2016 ਈ: ਮੁਤਾਬਿਕ 22 ਤੋਂ 26 ਜੇਠ 2073 ਬਿਕ੍ਰਮੀ (ਸ਼ਨੀਵਾਰ ਤੋਂ ਬੁੱਧਵਾਰ) ਤੱਕ ਕੀਤਾ ਜਾ ਰਿਹਾ ਹੈ।

ਸਾਰੇ ਸੂਬਿਆਂ ਅਤੇ ਹੋਰ ਜ਼ਿੰਮੇਵਾਰ ਸੱਜਣਾਂ ਨੂੰ ਬੇਨਤੀ ਹੈ ਕਿ ਆਪਣੇ ਆਪਣੇ ਇਲਾਕਿਆਂ ਵਿੱਚੋਂ ਵੱਧ ਤੋਂ ਵੱਧ ਸਾਧਾਂ ਨੂੰ (ਜੋ ਪਾਠ ਕਰ ਸਕਦੇ ਹੋਣ) ਨਾਲ ਲੈਕੇ 3 ਜੂਨ ਦੁਪਹਿਰ ਤੱਕ ਪਹੁੰਚਣ ਦੀ ਕਿਰਪਾ ਕਰਨ। ਸ੍ਰੀ ਸਤਿਗੁਰੂ ਜੀ ਦੀ ਰਜ਼ਾ ਹੈ ਕਿ ਇਸ ਪ੍ਰਯੋਗ ਵਿਚ ਨੌਜਵਾਨਾਂ ਦੀ ਗਿਣਤੀ ਵੱਧ ਤੋਂ ਵੱਧ ਹੋਵੇ।

**ਨੋਟ:-** ਪ੍ਰਯੋਗ ਵਿੱਚ ਹਿੱਸਾ ਲੈਣ ਵਾਲੇ ਸਾਧ ਸੋਧ ਦੇ ਬਸਤ੍ਰ ਅਤੇ ਨਿਜੀ ਜ਼ਰੂਰਤ ਦਾ ਸਮਾਨ ਨਾਲ ਲੈਕੇ ਆਉਣ।

**ਵਿਸ਼ਵ ਨਾਮਧਾਰੀ ਸੰਗਤ**
**ਸ੍ਰੀ ਭੈਣੀ ਸਾਹਿਬ**

## 'ਸਤਿਜੁਗ' ਦਾ ਸਤਿਗੁਰੂ ਰਾਮ ਸਿੰਘ ਦੂਸਰੀ ਪ੍ਰਕਾਸ਼ ਸ਼ਤਾਬਦੀ ਅੰਕ ਡਾਕ ਰਾਹੀ ਪ੍ਰਾਪਤ ਕਰੋ

ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ 1920 ਈ. ਵਿੱਚ ਆਰੰਭ ਕੀਤੇ ਨਾਮਧਾਰੀ ਪੰਥ ਦੇ ਬੁਲਾਰੇ 'ਸਤਿਜੁਗ ਸਪਤਾਹਿਕ' 2016 ਦਾ ਸਲਾਨਾ ਅੰਕ ਸ੍ਰੀ ਸਤਿਗੁਰੂ ਰਾਮ ਸਿੰਘ ਦੂਸਰੀ ਪ੍ਰਕਾਸ਼ ਸ਼ਤਾਬਦੀ ਅੰਕ ਹੈ। ਇਸ ਅੰਕ ਵਿੱਚ ਸੁਤੰਤਰਤਾ ਸੰਗ੍ਰਾਮ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸਕ ਰੰਗੀਨ ਸ਼ਰਧਾ ਭਾਵਨਾ ਪੈਦਾ ਕਰਦੇ ਵਧੀਆ ਚਿੱਤਰ ਹਨ। ਇਹ ਅੰਕ ਪੰਜਾਬੀ ਸਾਹਿਤ ਅਤੇ ਇਤਿਹਾਸ ਦੇ ਵਿਦਵਾਨਾਂ ਦੀਆਂ ਮਹਾਨ ਰਚਨਾਵਾਂ ਨਾਲ ਆਪਣੀ ਅਮੀਰੀ ਦਾ ਲਿਖਾਇਕ ਹੈ। ਇਸ ਵਿੱਚ ਸਤਿਗੁਰੂ ਜੀ ਦੀ ਸਰਬ ਪੱਖੀ ਸ਼ਖ਼ਸ਼ੀਅਤ ਨੂੰ ਪੇਸ਼ ਕਰਨ ਦਾ ਉਦਮ ਕੀਤਾ ਗਿਆ ਹੈ। ਇਹ ਅੰਕ ਪੜ੍ਹਨ ਯੋਗ ਹੈ, ਸੰਭਾਲਣ ਯੋਗ ਹੈ ਅਤੇ ਮਿਤਰ ਪਿਆਰਿਆਂ ਨੂੰ ਭੇਟ ਕਰਨ ਯੋਗ ਹੈ। ਪਾਠਕ ਇਹ ਅੰਕ ਸਤਿਜੁਗ ਦਾ ਚੰਦਾ ਜਮਾਂ ਕਰਵਾ ਕੇ ਮੁਫਤ ਪ੍ਰਾਪਤ ਕਰ ਸਕਦੇ ਹਨ। ਚੰਦਾ ਚੈਕ, ਡਰਾਫਟ State Bank of India 'Satjug Weekly' A/c no. 30033059055, IFSC : SBIN0003429 ਤੇ ਭੇਜ ਕੇ ਅਤੇ, Email: satjugweekly@gmail.com, ਫੋਨ ਨੰਬਰ : 011-40519403 ਤੇ ਸੰਪਰਕ ਕਰ ਕੇ ਜਮਾ ਕਰਵਾਇਆ ਜਾ ਸਕਦਾ ਹੈ।

# ਅੰਮ੍ਰਿਤ ਛਕਾਉਣ ਦੀ ਪਹਿਲ ਕਦਮੀ...(ਬਾਕੀ ਸਫਾ 1 ਦੀ)

***ਸੋ ਕਿਉ ਮੰਦਾ ਆਖੀਐ***
***ਜਿਤੁ ਜੰਮਹਿ ਰਾਜਾਨ।।***

ਜੇ ਇਸਤਰੀ ਵਿਚ ਡਰ ਸਹਿਮ, ਸਵਾਰਥ ਯਾ ਕਿਸੇ ਹੋਰ ਸਥਿਤੀ ਕਰਕੇ ਕੋਈ ਗਲਤੀ ਕਰਨ ਦੀ ਭਾਵਨਾ ਆ ਵੀ ਜਾਂਦੀ ਹੈ ਤਾਂ ਉਸ ਨੂੰ ਨਜ਼ਰ ਅੰਦਾਜ਼ ਕਰਨਾ ਪੁਰਸ਼ਾਂ ਦਾ ਕੰਮ ਹੈ, ਉਸ ਨਾਲ ਲੜਨਾ, ਝਗੜਨਾ, ਉਸ ਨੂੰ ਗੁੱਸੇ ਹੋਣਾ, ਗਾਲ੍ਹਾਂ ਕੱਢਣਾ ਜਾਂ ਉਸ ਤੇ ਹੱਥ ਚੁੱਕਣਾ ਚੰਗੇ ਮਨੁੱਖ ਦਾ ਕਰਮ ਨਹੀਂ। ਉਸ ਨੂੰ ਖਿਮਾ ਕਰਨ ਬਾਰੇ ਹੀ ਵਿਚਾਰਦਿਆਂ ਖਲੀਲ ਜਿਬਰਾਨ ਨੇ ਲਿਖਿਆ ਹੈ - "ਜੋ ਮਨੁੱਖ ਨਾਰੀ ਨੂੰ ਮੁਆਫ ਨਹੀਂ ਕਰ ਸਕਦਾ ਉਸ ਨੂੰ ਉਸਦੇ ਮਹਾਨ ਗੁਣਾਂ ਦਾ ਉਪਯੋਗ ਕਰਨ ਦਾ ਕਦੇ ਅਵਸਰ ਪ੍ਰਾਪਤ ਨਹੀਂ ਹੁੰਦਾ।"

ਇਹ ਸਾਰਾ ਕੁੱਝ, ਜਿਸ ਵਿਚ ਇਸਤਰੀ ਨੂੰ ਉਸਦਾ ਬਣਦਾ ਥਾਂ ਦੇਣ ਦੀ ਗੱਲ ਹੈ, ਮਨੁੱਖ ਦੇ ਆਪਣੇ ਭਲੇ ਲਈ ਵੀ ਹੈ, ਉਸਦੀ ਤਰੱਕੀ ਲਈ ਵੀ ਹੈ, ਕਿਉਂਕਿ ਬੱਚੇ ਦੀ ਪਹਿਲੀ ਗੁਰੂ ਮਾਂ ਹੈ। ਮੁੱਢਲੀਆਂ ਸਿਖਿਆਵਾਂ ਉਸ ਨੇ ਮਾਂ ਕੋਲੋਂ ਹੀ ਪ੍ਰਾਪਤ ਕਰਨੀਆਂ ਹੁੰਦੀਆਂ ਹਨ। ਕੋਈ ਵਿਅਕਤੀ ਮਾਤਾ ਕੋਲੋਂ ਸਿਖਿਆ ਲੈ ਕੇ ਕਿਸੇ ਦੇਸ਼ ਦਾ ਸਭ ਤੋਂ ਵੱਡਾ ਪਦ ਵੀ ਪ੍ਰਾਪਤ ਕਰ ਸਕਦਾ ਹੈ। ਸ਼ਾਇਦ ਇਸੇ ਕਰਕੇ ਹੀ ਅਮਰੀਕਾ ਦੇ ਰਾਸ਼ਟਰਪਤੀ ਅਬਰਾਹਿਮ ਲਿੰਕਨ ਨੇ ਕਿਹਾ ਹੈ - The hand which rocks the cradle rules the world - ਜਿਹੜਾ ਹੱਥ (ਦਾਸ ਬਣਕੇ) ਪੰਘੂੜੇ ਨੂੰ ਹਿਲਾਉਂਦਾ ਹੈ ਉਹ ਸੰਸਾਰ ਤੇ ਹਕੂਮਤ ਕਰਨ ਯੋਗ ਹੈ।

ਮਨੁੱਖ ਨੇ ਇਸਤਰੀ ਤੇ ਹਕੂਮਤ ਕਰਨ ਦੀ ਥਾਂ, ਆਪਣੇ ਮਨ ਤੇ ਹਕੂਮਤ ਕਰਨੀ ਸਿਖਣੀ ਹੁੰਦੀ ਹੈ। ਇਹ ਸਿਖਾਉਣ ਵਿਚ ਉਹਨਾਂ ਭਲੇ, ਚੰਗੇ, ਮਹਾਂਪੁਰਸ਼ਾਂ ਦਾ ਵੱਡਾ ਹੱਥ ਹੁੰਦਾ ਹੈ ਜਿਹਨਾਂ ਨੇ ਉਸ ਦੀ ਜ਼ਿੰਦਗੀ ਨੂੰ ਸੇਧ ਦੇਣੀ ਹੁੰਦੀ ਹੈ ਕਿ ਇਸਤਰੀ ਉਸ ਵਾਸਤੇ ਕੇਵਲ ਵਸਤੂ ਨਹੀਂ, ਉਸ ਵਰਗਾ ਹੀ ਜਿਉਂਦਾ ਜਾਗਦਾ ਇਸ ਧਰਤੀ ਦਾ ਸਭ ਤੋਂ ਉਤਮ ਪ੍ਰਾਣੀ ਹੈ। ਉਸ ਦੀਆਂ ਭਾਵਨਾਵਾਂ ਦੀ ਵੀ ਉਂਜ ਹੀ ਕਦਰ ਕਰਨੀ ਬਣਦੀ ਹੈ ਜਿਵੇਂ ਬੰਦਾ ਸਮਝਦਾ ਹੈ ਕਿ ਉਸ ਦੀਆਂ ਭਾਵਨਾਵਾਂ ਦੀ ਕਦਰ ਹੋਵੇ। ਇਸ ਗੱਲ ਨੂੰ ਸਤਿਗੁਰੂ ਨਾਨਕ ਦੇਵ ਜੀ ਅਤੇ ਉਸ ਤੋਂ ਬਾਅਦ ਅੱਜ ਤਕ ਹੁੰਦੇ ਰਹੇ ਸਤਿਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਸੇਵਕਾਂ ਵਿਚ ਸੰਚਾਰਿਤ ਕੀਤਾ ਅਤੇ ਉਹਨਾਂ ਨੂੰ ਇਸਤਰੀ ਨਾਲ ਜ਼ਬਰਦਸਤੀ ਕਰਨ, ਉਸ ਉਤੇ ਜ਼ੁਲਮ ਕਰਨ ਤੋਂ ਤਾਂ ਰੋਕਿਆ ਹੀ ਨਾਲ ਹੀ ਉਸ ਦੇ ਸਤੀ ਹੋਣ ਖਿਲਾਫ ਵੀ ਆਵਾਜ਼ ਉਠਾਈ। ਉਸ ਦਾ ਮਾਰਿਆ ਜਾਣਾ, ਉਸਨੂੰ ਵੇਚਿਆ ਜਾਣਾ, ਉਸਦਾ ਬਚਪਨ ਵਿਚ ਵਿਆਹ ਕਰਨਾ ਜਾਂ ਅਣਮੇਲ ਵਿਆਹ ਕਰਨਾ, ਵੱਟਾ ਕਰਨਾ ਆਦਿ ਵੀ ਵਰਜਿਆ। ਸਤਿਗੁਰੂ ਰਾਮ ਸਿੰਘ ਜੀ ਨੇ ਤਾਂ ਆਪਣੇ ਹੁਕਮਨਾਮਿਆਂ ਵਿਚ ਇਥੋਂ ਤੱਕ ਦਰਜ ਕੀਤਾ ਕਿ ਜਿਹੜੇ ਇਸ ਤਰ੍ਹਾਂ ਦਾ ਮਾੜਾ ਕਰਮ ਕਰੇ ਉਸ ਨੂੰ ਸੰਗਤ ਵਿਚ ਨਹੀਂ ਵੜਨ ਦੇਣਾ, ਜੇ ਆਏ ਤਾਂ ਧੱਕੇ ਮਾਰ ਕੇ ਕੱਢ ਦੇਣਾ। ਜੇ ਹਿੱਕ ਦਾ ਧੱਕਾ ਕਰਨਾ ਚਾਹੇ ਤਾਂ ਅਰਦਾਸ ਕਰਨੀ ਕਿ ਉਹ ਸੰਗਤ ਵਿਚ ਆਉਣ ਜੋਗਾ ਹੀ ਨਾ ਰਹੇ।

ਇਸਤਰੀਆਂ ਪ੍ਰਤੀ ਇਸ ਤਰ੍ਹਾਂ ਦੀ ਭਾਵਨਾ ਪੈਦਾ ਕਰਨ ਪਿਛੇ ਸਤਿਗੁਰੂ ਜੀ ਦੇ ਧਿਆਨ ਵਿਚ ਉਹ ਸਾਰਾ ਬੀਤੇ ਦਾ ਵਾਤਾਵਰਣ ਸੀ ਜਦੋਂ ਉਹਨਾਂ ਵਿਚਾਰੀਆਂ ਨੂੰ ਵਸਤੂ ਵਾਂਗ ਜਾਂ ਪਸ਼ੂਆਂ ਭੇਡ ਬੱਕਰੀ ਵਾਂਗ ਹੀ ਸਮਝਿਆ ਜਾਂਦਾ ਸੀ। ਗੁਰਸਿਖ ਤਾਂ ਗੁਰੂ ਦਾ ਭੈਅ ਰੱਖਦੇ ਹੋਏ ਉਸ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਨਹੀਂ ਸਨ ਰੱਖਦੇ ਪਰ ਆਪਣੇ ਆਪ ਨੂੰ ਉਚਾ ਸਮਝਦੇ ਹੋਏ ਕਈ ਹੰਕਾਰ ਦੀ ਭਾਵਨਾ ਰੱਖਦੇ ਸਨ। ਉਚਾ ਇਸ ਕਰਕੇ ਕਿ ਉਹ ਅੰਮ੍ਰਿਤਧਾਰੀ ਸਿੱਖ ਹਨ। ਉਹਨਾਂ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ 1699 ਦੀ ਵਿਸਾਖੀ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਸੀ। ਉਹਨਾਂ ਨੂੰ ਗਿੱਦੜਾਂ ਤੋਂ ਸ਼ੇਰ ਬਣਾਇਆ ਸੀ। ਉਹਨਾਂ ਨੂੰ ਕਛ, ਕੜਾ, ਕ੍ਰਿਪਾਨ, ਕੇਸ, ਕੰਘਾ ਪੰਜ ਕਕਾਰ ਰੱਖਣ ਦੀ ਮਰਯਾਦਾ ਦਿੱਤੀ ਸੀ। ਇਸ ਮਰਯਾਦਾ ਕਰਕੇ ਉਹ ਹੋਰ ਉਚੇਰਾ ਦਰਜਾ ਰੱਖਦੇ ਸਨ ਕਿਉਂਕਿ ਬੀਬੀਆਂ ਨੂੰ ਦਸਵੇਂ ਪਾਤਸ਼ਾਹ ਨੇ ਅੰਮ੍ਰਿਤ ਨਹੀਂ ਸੀ ਛਕਾਇਆ। ਇਸ ਕਰਕੇ ਕਈ ਅੰਮ੍ਰਿਤਧਾਰੀ ਸਿੰਘ ਵੀ ਸਮਝਦੇ ਸਨ ਕਿ ਉਹਨਾਂ ਦਾ ਦਰਜਾ ਸਾਡੇ ਤੋਂ ਕਿਤੇ ਨੀਵਾਂ ਹੈ। ਸਾਡੀ ਹਕੂਮਤ ਘਰ ਵਿਚ ਵੀ ਹੈ ਅਤੇ ਬਾਹਰ ਵੀ, ਉਸਦੀ ਥਾਂ ਤਾਂ ਚੌਕੇ ਚੁੱਲ੍ਹੇ ਦੁਆਲੇ ਹੈ ਜਾਂ ਬਾਲ ਬੱਚਿਆਂ ਨੂੰ, ਜਨਮ ਦੇਣਾ, ਪਾਲਣਾ, ਸੰਭਾਲਣਾ।

ਇਹ ਸਤਿਗੁਰੂ ਦੀ ਰਜ਼ਾ ਹੁੰਦੀ ਹੈ ਕਿ ਉਸਨੇ ਕਦੋਂ ਕਿਸ ਮਰਯਾਦਾ ਦਾ ਆਗਾਜ਼ ਕਰਨਾ ਹੈ। ਸਿੱਖੀ ਦਾ ਆਰੰਭ ਤਾਂ ਸਤਿਗੁਰੂ ਨਾਨਕ ਦੇਵ ਦੇ ਨਾਲ ਹੀ ਹੋ ਗਿਆ। ਅਸੀਂ ਜਦੋਂ ਸਿੱਖ ਧਰਮ ਦੇ ਇਤਿਹਾਸ ਸੰਬੰਧੀ ਪੜ੍ਹਦੇ ਹਾਂ ਤਾਂ ਉਸਦਾ ਸਮਾਂ ਵੀ ਗੁਰੂ ਨਾਨਕ ਦੇਵ ਜੀ ਤੋਂ ਗਿਣਦੇ ਹਾਂ। ਕਈ 1469 ਈ. ਲਿਖਦੇ ਹਨ, ਸਤਿਗੁਰੂ ਜੀ ਦੇ ਅਵਤਾਰ ਧਾਰਨ ਦਾ ਵਰ੍ਹਾ। ਪਰ ਇਸ ਲੰਮੇ ਸਮੇਂ ਵਿਚ 1469 ਤੋਂ 1699 ਤੱਕ ਅੰਮ੍ਰਿਤ ਛਕਾਉਣ ਦਾ ਇਤਿਹਾਸ ਵਿਚ ਕਿਤੇ ਹਵਾਲਾ ਨਹੀਂ ਆਇਆ ਕਿਉਂਕਿ ਕਿਸੇ ਸਤਿਗੁਰੂ ਸਾਹਿਬਾਨ ਨੇ ਅੰਮ੍ਰਿਤ ਛਕਾਇਆ ਹੀ ਨਹੀਂ। ਹਾਂ ਬਾਣੀ ਵਿਚ ਅੰਮ੍ਰਿਤ ਦਾ ਹਵਾਲਾ ਜ਼ਰੂਰ ਆਇਆ ਹੈ। ਵੇਦਾਂ ਸ਼ਾਸਤਰਾਂ ਵਿਚ ਵੀ ਇਸ ਦਾ ਹਵਾਲਾ ਹੈ। ਜਦੋਂ ਸਮੁੰਦਰ ਨੂੰ ਰਿੜਕਿਆ ਗਿਆ ਤਾਂ ਉਸ ਵਿਚੋਂ ਜੋ ਉਤਮ ਵਸਤੂਆਂ ਨਿਕਲੀਆਂ - 14 ਰਤਨ ਉਹਨਾਂ ਵਿਚੋਂ ਅੰਮ੍ਰਿਤ ਵੀ ਸੀ।

ਤੀਜੇ ਪਾਤਸ਼ਾਹ, ਅੰਮ੍ਰਿਤ ਬਾਰੇ ਬਾਣੀ ਵਿਚ ਲਿਖਦੇ ਹਨ ਕਿ ਅੰਮ੍ਰਿਤ ਸਤਿਗੁਰੂ ਤੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਉਹ ਵੀ ਆਪਣੀ ਮਰਜ਼ੀ ਨਾਲ ਨਹੀਂ ਬਲਕਿ ਸਤਿਗੁਰੂ ਦੀ ਕਿਰਪਾ ਨਾਲ

***ਸੁਰ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤ ਗੁਰ ਤੇ ਪਾਇਆ।।***
***ਪਾਇਆ ਅੰਮ੍ਰਿਤ ਗੁਰਿ ਕ੍ਰਿਪਾ ਕੀਨੀ***
***ਸਚਾ ਮਨਿ ਵਸਾਇਆ।। -ਅਨੰਦੁ***

ਇਸ ਸਮੇਂ ਵਿਚ ਸਿਖੀ ਜਗਤ ਵਿਚ ਪ੍ਰਵੇਸ਼ ਕਰਨ ਵਾਲੇ ਨੂੰ ਚਰਨ ਪਾਹੁਲ ਦਿੱਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਚਰਨ ਪਾਹੁਲ ਦੇਣ ਦਾ ਹਵਾਲਾ ਭਾਈ ਗੁਰਦਾਸ ਨੇ ਆਪਣੀ ਬਾਣੀ ਵਿਚ ਦਿੱਤਾ ਹੈ।

***ਸੁਣੀ ਪੁਕਾਰਿ ਦਾਤਾਰ ਪ੍ਰਭੁ***
***ਗੁਰ ਨਾਨਕ ਜਗ ਮਹਿ ਪਠਾਇਆ।।***
***ਚਰਨ ਧੋਇ ਰਹਰਾਸਿ ਕਰਿ***
***ਚਰਣਾਮ੍ਰਿਤ ਸਿਖਾਂ ਪੀਲਾਇਆ।।***
***ਵਾਰ 1 ਪਉੜੀ 23***

ਮਹਾਨ ਕੋਸ਼ ਦਾ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਚਰਣਾਮ੍ਰਿਤ ਬਾਰੇ ਲਿਖਦੇ ਹੋਏ ਅੰਕਿਤ ਕਰਦੇ ਹਨ। ਸੰਗਯਾ - ਚਰਣਾਂ ਦਾ ਅੰਮ੍ਰਿਤ, ਚਰਣੋਦਕ, ਦੇਵਤਾ ਦੀ ਮੂਰਤੀ ਅਥਵਾ ਧਰਮ ਉਪਦੇਸ਼, ਗੁਰੂ ਦੇ ਚਰਣਾਂ ਦਾ ਜਲ ਉਹ ਜਲ ਜਿਸ ਨਾਲ ਗੁਰੂ ਦੇ ਪੈਰ ਧੋਤੇ ਹਨ। 9 ਸਤਿਗੁਰਾਂ ਵੇਲੇ ਸਿਖ ਧਰਮ ਵਿਚ ਲਿਆਉਣ ਲਈ ਚਰਣਾ ਅੰਮ੍ਰਿਤ ਪਿਲਾਇਆ ਜਾਂਦਾ ਸੀ। ***(ਬਾਕੀ ਸਫਾ 4 'ਤੇ)***

## ਬੀਬੀ ਗੁਰਮੀਤ ਕੌਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ




**ਨਵੀਂ ਦਿੱਲੀ**-ਸ੍ਰੀ ਸਤਿਗੁਰੂ ਜੀ ਦੇ ਸ਼ਰਧਾਵਾਨ ਬੀਬੀ ਗੁਰਮੀਤ ਕੌਰ ਪਤਨੀ ਸ. ਸਰਬਸ਼ਕਤੀਮਾਨ ਆਪਣੀ 65 ਸਾਲ ਦੀ ਉਮਰ ਭੋਗ ਕੇ 19 ਮਈ 2016 ਦਿਨ ਵੀਰਵਾਰ ਨੂੰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਬੀਬੀ ਗੁਰਮੀਤ ਕੌਰ ਜਿਥੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਦੇ ਭੌਰੇ ਸਨ ਉਥੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੱਸ ਵਿਚ ਕਵਿਤਾਵਾਂ ਲਿਖ ਕੇ ਅਤੇ ਬੋਲ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ ਅਤੇ ਸੰਗਤ ਤੋਂ ਵਾਹ-ਵਾਹ ਖੱਟਦੇ ਸਨ। ਉਹਨਾਂ ਨਮਿਤ ਰਖੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ 28 ਮਈ 2016 ਦਿਨ ਸ਼ਨੀਵਾਰ ਨੂੰ ਨਾਮਧਾਰੀ ਗੁਰਦੁਆਰਾ ਰਮੇਸ ਨਗਰ ਨਵੀਂ ਦਿੱਲੀ ਵਿਖੇ 11 ਤੋਂ 1 ਵਜੇ ਤੱਕ ਪਾਇਆ ਜਾਏਗਾ।

**ਇਤਿਹਾਸ ਦੀ ਪੈੜ ਵਿਚ**

# ਗੁਰਮਤਿ ਵਿਚ ਅਨੰਦ ਕਾਰਜ

✍ ਦੇਵਿੰਦਰ ਸਿੰਘ ਗਿੱਲ ਜੀਆ ਨੱਥਾ



ਸ੍ਰੀ ਸਤਿਗੁਰੂ ਰਾਮ ਸਿੰਘ ਜੀ
SRI SATGURU RAM SINGH JI

ਗੁਰਮਤਿ ਅਨੰਦ ਵਿਆਹ ਭਾਵ ਅਨੰਦ ਕਾਰਜ, ਸਿਖ ਜਗਤ ਵਿਚ ਪੂਰਨ ਮਰਯਾਦਾ ਨਾਲ ਕਦੋਂ ਹੋਏ ? ਇਸ ਬਾਰੇ ਅਸੀਂ ਇਤਿਹਾਸਕ ਪ੍ਰਮਾਣਾਂ ਅਤੇ ਵੇਰਵਿਆਂ ਨਾਲ ਇਸ ਲੇਖ ਵਿਚ ਵਿਚਾਰ ਕਰਾਂਗੇ। ਦੋ ਰੂਹਾਂ ਦੇ ਮਿਲਣ ਅਰਥਾਤ ਪੁਰਸ਼ ਅਤੇ ਇਸਤਰੀ ਨੂੰ ਸ਼ਾਕ ਸੰਬੰਧੀਆਂ ਦੇ ਇਕੱਠ ਸਾਹਮਣੇ ਇਕ ਮਰਯਾਦਾ ਅਨੁਸਾਰ ਪਤੀ ਪਤਨੀ ਸਮਝ ਲੈਣ ਨੂੰ ਸੰਯੋਗ ਅਨੰਦ ਅਥਵਾ ਵਿਆਹ ਆਖਿਆ ਜਾਂਦਾ ਹੈ।

ਸਿੱਖ ਇਤਿਹਾਸ ਤੇ ਗੁਰਮਤਿ ਇਤਿਹਾਸ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਗ ਸੂਹੀ ਵਿਚ ਲਾਵਾਂ ਦਾ ਪਾਠ ਅਵਸ਼ ਰੱਚਿਆ ਪ੍ਰੰਤੂ ਉਸਨੂੰ ਵਿਆਹ ਦੀ ਰਸਮ ਵਜੋਂ ਸਮਾਜਿਕ ਤੌਰ ਤੇ ਪ੍ਰਚਲਤ ਨਹੀਂ ਕੀਤਾ। ਦਸ ਗੁਰੂ ਸਾਹਿਬਾਨ ਦੇ ਸਮੇਂ ਨਾਂ ਤਾਂ ਗੁਰਮਤਿ ਅਨੁਸਾਰ ਕਿਸੇ ਗੁਰੂ ਜੀ ਜਾਂ ਕਿਸੇ ਸਿਖ ਦੇ ਅਨੰਦ ਕਾਰਜ ਹੋਏ ਅਤੇ ਨਾ ਹੀ ਇਸ ਦੀ ਕਿਸੇ ਨੂੰ ਲੋੜ ਮਹਿਸੂਸ ਹੋਈ। ਸਿੱਖ ਸਮਾਜ ਵਿਚ ਬ੍ਰਾਹਮਣਾ ਪ੍ਰੋਹਤਾਂ ਦਾ ਬੋਲ ਬਾਲਾ ਰਿਹਾ। ਸਿਖ ਦੇ ਹਰ ਖੁਸ਼ੀ ਗਮੀ ਦੇ ਮੌਕੇ ਤੇ ਸਾਰੀਆਂ ਰਸਮਾਂ ਬ੍ਰਾਹਮਣ ਹੀ ਨਿਭਾਉਂਦੇ ਸਨ। ਉਦਾਹਰਣ ਵਜੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਦੂਜੀ ਸ਼ਾਦੀ ਸਮੇਂ ਬ੍ਰਾਮਹਣਾਂ ਨੇ ਪੂਰਾ ਰੋਲ ਨਿਭਾਇਆ ਸੀ ਅਤੇ ਜੋ ਜੋ ਰਸਮਾਂ ਪ੍ਰੋਹਿਤਾਂ ਨੇ ਦੱਸੀਆਂ ਸਨ, ਉਹਨਾਂ ਦਾ ਨਿਭਾਅ ਗੁਰੂ ਘਰ ਵਲੋਂ ਕੀਤਾ ਗਿਆ। ਭਾਈ ਸੰਤੋਖ ਸਿੰਘ ਜੀ ਗ੍ਰੰਥ " ਸ੍ਰੀ ਗੁਰੂ ਪ੍ਰਤਾਪ ਸੂਰਜ" ਦੀ ਰਾਸ 5 ਅੱਸੂ 53 ਪੰਨਾ 2720 ਤੇ ਇਸ ਪ੍ਰਕਾਰ ਲਿਖਦੇ ਹਨ :

**ਦੋਹਰਾ**

*ਕਰੇ ਸ਼ਗੁਨ ਸਭਿ ਬਯਾਹ ਕੇ ਜੇਤ੍ਰਿਕ ਬਿੱਪ੍ਰ ਬਤਾਇ।।*
*ਸ੍ਰੀ ਗੁਰੂ ਹਰਗੋਬਿੰਦ ਜੀ ਦੂਲਹੁ ਰਹੇ ਸੁਹਾਇ।।1।।*
*ਚੌਪਈ।।*
*ਸਜੀ ਬਰਾਤਿ ਜਿਤਿਕ ਸਿਖਸੰਗ।। ਚਲੇ ਕੁਦਾਵਤਿ ਚਪਲ ਤੁਰੰਗ।।*
*ਪਹੁੰਚੇ ਤਕਹਿ ਜਾਇ ਮੰਡਯਾਲੀ।। ਦੇਖਿ ਖੁਸ਼ੀ ਤਿਨ ਬਿਆਲੀ।।*

ਇਹੋ ਕੁਝ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਹੁੰਦਾ ਰਿਹਾ। ਖਾਲਸਾ ਪੰਥ ਦੀ ਸਾਜਨਾ ਕਰਨ ਵਾਲੇ ਦਸਮ ਪਾਤਸ਼ਾਹ ਦਾ ਵਿਆਹ ਵੀ ਸਨਾਤਨ ਵਿਆਹ ਪੱਧਤੀ ਅਨੁਸਾਰ ਹੋਇਆ ਸੀ। ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ :

*ਜਹਿ ਸੁੰਦਰ ਬੇਦੀ ਰਚ ਰਾਖੀ।।*
*ਮਨ ਨਰ ਨਾਰ ਬਿਲੋਕਨ ਕਾਖੀ।।*
*ਸਾਦਰ ਸਗਰੇ ਕੀਨ ਬਿਰਾਵਣ।।*
*ਬਿਪ੍ਰ ਉਚਾਰਤ ਮੰਤ੍ਰਨ ਪਾਵਨ।।*
*ਪੂਜਤ ਨਵ ਗ੍ਰਿਹਿ ਗਣਪਤਿ ਪਾਸ।। ਕਹਹਿ ਕਿਰਤ ਠਾਨਹਿ ਗੁਰ ਨਾਥ।।*
*ਪੁਨ ਬੇਦੀ ਮਹਿ ਰਾਖ ਹੁਤਾਸਨ।। ਡਾਰਤ ਸਰਪੀ ਕੀਨ ਪ੍ਰਕਾਸ਼ਨ।।*
*ਤਬ ਦੁਲਹਨਿ ਲੇ ਨਿਕਟ ਬਿਠਾਈ।। ਜਥਾ ਯੋਗ ਸਭ ਬਿਧਿ ਕਰਵਾਈ।।*
*ਬਾਰ ਬਾਰ ਫੇਰਨ ਸੰਗ ਫੇਰੇ।। ਪਾਨ ਗ੍ਰਹਿਨ ਕੀਨੋ ਤਿਸ ਬੇਰੇ।।*

ਪਰ ਸਤਿਗੁਰੂ ਸਾਹਿਬਾਨ ਨੇ ਬਹੁਤ ਸਾਰੀ ਰੂੜੀਵਾਦੀ ਰੀਤਾਂ ਦਾ ਜਿਵੇਂ ਜਨੇਊ, ਭੱਦਣ ਕਰਨਾ, ਸਤੀ ਪ੍ਰਥਾ ਨੂੰ ਮੰਨਣਾ ਤੇ ਮਾਸ਼ ਸ਼ਰਾਬ, ਜੁਆ ਆਦਿ ਦਾ ਖੰਡਣ ਕੀਤਾ ਸੀ। ਦਸਮ ਪਾਤਸ਼ਾਹ ਪਿਛੋਂ ਸਿਖ ਆਪਣਾ ਇਤਿਹਾਸ ਵੀ ਭੁਲ ਗਏ ਸਨ, ਹਿੰਦੂਆਂ ਅਤੇ ਸਨਾਤਨ ਧਰਮੀਆਂ ਅਗੇ ਗੋਡੇ ਟੇਕ ਚੁਕੇ ਸਨ, ਗੁਰੂ ਸਾਹਿਬਾਨ ਨੇ ਜੇਹੜੀਆਂ ਸਮਾਜਕ ਤੇ ਧਾਰਮਿਕ ਕੁਰੀਤੀਆਂ ਅਤੇ ਰਸਮਾਂ ਦਾ ਖੰਡਨ ਕੀਤਾ ਸੀ, ਉਹਨਾਂ ਨੂੰ ਸਿਖ ਭੁਲ ਗਏ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅਤੇ ਪੰਜਾਬ ਦਾ ਅੰਗਰੇਜ਼ ਦੀ ਬੁਕਲ ਵਿਚ ਜਾਣ ਤਕ ਸਿਖਾਂ ਵਿਚ ਬਹੁਤ ਅਧੋਗਤੀ ਆ ਚੁਕੀ ਸੀ ਅਤੇ ਸਿਖਾਂ ਦੀ ਜਨ ਗਣਨਾ ਵਿਚ ਘਾਟ ਆ ਗਈ। ਇਕ ਅਨੁਮਾਨ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿਖਾਂ ਦੀ ਗਿਣਤੀ ਇਕ ਕਰੋੜ ਦੇ ਲਗਭਗ ਸੀ ਜੋ ਘਟ ਕੇ 1881 ਈ. ਵਿਚ 18,53,429 ਰਹਿ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਤੋਂ ਹੀ ਰਾਜ ਦਰਬਾਰ ਤੋਂ ਲੈ ਕੇ ਆਮ ਜਨਤਾ ਤਕ ਹਰ ਖੁਸ਼ੀ ਗਮੀਂ ਦੇ ਮੌਕੇ ਬ੍ਰਾਹਮਣਾਂ ਦੀ ਪ੍ਰਧਾਨਤਾ ਹੀ ਸੀ ਅਤੇ ਉਹ ਅਨਪੜ੍ਹ ਲੋਕਾਈ ਨੂੰ ਦਿਨ ਦਿਹਾੜੇ ਲੁਟ ਰਹੇ ਸਨ। ਗਿਆਨੀ ਗਿਆਨ ਸਿੰਘ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਨਿਰਮਲੇ ਵਿਦਵਾਨ ਇਤਿਹਾਸਕਾਰ ਤੇ ਕਵੀ ਸਨ। ਉਹ ਆਪਣੇ ਗਰੰਥ "ਸ੍ਰੀ ਭੂਪੇਦ੍ਰਾ ਨੰਦ" ਵਿਚ ਉਸ ਸਮੇਂ ਦੇ ਸਿਖਾਂ ਦੀ ਗਿਰਾਵਟ ਅਤੇ ਬ੍ਰਾਹਮਣਾਂ ਦੀ ਪ੍ਰਧਾਨਤਾ ਬਾਰੇ ਇਸ ਪ੍ਰਕਾਰ ਲਿਖਦੇ ਹਨ :

*ਪਾਨ ਹਕੂਮਤ ਮਦਿਰਾ ਕਰਕੈ।। ਇੰਦ੍ਰੀ ਰਸਮੈਂ ਅਧਿਕੈ ਗਰਕੈ।।*
*ਪਾਇ ਦਾਇ ਨਿਜ ਸਮਾਂ ਨਿਹਾਰ।। ਚਲਨ ਸਿੰਘਨ ਕਾ ਦੇਖ ਖੁਆਰ।।*
*ਸੇਵਕ ਹੋਏ ਓਹੋ ਹਿੰਦੂ।। ਲੈਂਨ ਚਹਿਤ ਜੋ ਸਿਖਨ ਜਿੰਦੂ।।*
*ਸਿੱਖ ਸ੍ਰਦਾਰਨ ਰਾਜਨ ਕੇਰੇ।। ਭਏ ਮੁਸਾਹਿਥ ਹਿੰਦੂ ਬਧੇਰੇ।।*
*ਦਖਲ ਸਿੰਘਨ ਕੇ ਪਾ ਮਿਜਾਜ਼ ਮੈਂ।। ਮੁਖਤਾਰੀ ਲੈ ਕਾਮ ਕਾਜ ਮੈਂ।।*
*ਮਹਿੰਮਾਂ ਹਿੰਦੂ ਸ਼ਰਾ ਕੀ ਗਾਕੈ।। ਭਰਮਾਏ ਸਿਖ ਬਾਤਾਂ ਲਾ ਕੈ।।*
*ਸਿੱਖਨੀਆ ਕੋ ਬਿਪ੍ਰਨੀਆਂ ਨੈ।। ਭਰਮਾ ਲੀਨੋਂ ਛਿਪ੍ਰਨੀਆਂ ਨੈ।।*
*ਜਮਣੇਂ ਪਰਨੇਂ ਮਰਨੇਂ ਕੇਰੇ।। ਭਾਵਤ ਕਾਜ ਕਰਾਇ ਬਧੇਰੇ।।*
*ਹਿੰਦੂ ਸ਼ਰਾ ਕੇ ਪਾਕੇ ਰੱਸੇ।। ਨਿਜ ਬਸਿ ਕਰੇ ਸਿੱਖ ਅਸ ਕੱਸੇ।।*
*ਜਿੱਧਰ ਲਾਏ ਓਧਰ ਲੱਗੇ।। ਬਨਿਗੇ ਐਨ ਬਿੱਪ੍ਰੀ ਢੰਗੇ।।*
*ਨਿਯਮ ਠੀਕ ਏਹੀ ਜਗ ਮੈਂ ਹੈ।। ਸੰਗਤ ਕਾ ਫਲ ਬਲ ਕਰਜੈ ਹੈ।।*
*ਬਿੱਪ੍ਰ ਜਾਤਿ ਜਮਾਨੇ ਸਾਜ।। ਲੀਨੇਂ ਸਿੰਘ ਪਰ।ਰ ਦਰਾਜ।।*
*ਬੇਟੇ ਬੇਟੀ ਕੇ ਤਬ ਫੇਰੇ।। ਲਗੇ ਦਿਵਾਵਨ ਚਾਵਨ ਝੇਰੇ।।*
*ਗੁਰ ਰੀਤੀ ਬਿਪ੍ਰੈ ਤਜਵਾਈ।। ਫੇਰੇ ਦੇਵਨ ਲਗੇ ਸੁਦਾਈ।।*

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖਾਲਸਾ ਰਾਜ ਕਿਹਾ ਜਾਂਦਾ ਹੈ ਪ੍ਰੰਤੂ ਉਸ ਸਮੇਂ ਰਾਜ ਵਿਚ ਖਾਲਸਿਆਂ ਵਰਗਾ ਕੋਈ ਕਾਰਜ ਨਾ ਹੋਇਆ, ਸਗੋਂ ਸਦੀਆਂ ਤੋਂ ਚਲੀ ਆ ਰਹੀ ਬ੍ਰਾਹਮਣਾਂ ਦੀ ਪ੍ਰਭੁਸਤਾ ਹੋਰ ਜ਼ਿਆਦਾ ਸਿਖਾਂ ਵਿਚ ਘਰ ਕਰ ਗਈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਸਿਖਾਂ ਦੀ ਉਸ ਦਰਦਨਾਕ ਹਾਲਤ ਨੂੰ ਦੇਖਿਆ ਤੇ ਮਹਿਸੂਸ ਕੀਤਾ। ਉਸ ਸਮੇਂ ਸਤਿਗੁਰੂ ਜੀ ਤੋਂ ਬਿਨਾਂ ਦੇਸ਼ ਵਾਸੀਆਂ ਦਾ ਦੁਖ ਦਰਦ ਵੰਡਾਉਣ ਵਾਲਾ ਹੋਰ ਕੋਈ ਨਹੀਂ ਸੀ। ਉਹਨਾਂ ਨੇ ਦੇਸ ਵਾਸੀਆਂ ਨੂੰ ਜਗਾਉਣ ਲਈ ਇਕ ਹੰਭਲਾ ਮਾਰਿਆ ਅਤੇ 1857 ਈ. ਦੀ ਵਿਸਾਖੀ ਨੂੰ ਸੰਤ ਖਾਲਸਾ ਨੂੰ ਪ੍ਰਗਟ ਕਰਕੇ ਪੰਜਾਬੀਆਂ ਦੀ ਕਾਇਆ **(ਬਾਕੀ ਸਫਾ 6 'ਤੇ)**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਅੱਠੇ ਪਹਿਰ ਗੁਰੂ ਦਾ ਨਾਮ ਜਪੋ



ਅਸੀਂ ਬੈਠਦੇ ਆਂ ਸਿਮਰਨ ਕਰਨ ਲਈ ਤੇ ਸਾਡਾ ਮਨ ਜਿਹੜਾ ਬਾਹਰ ਜਾਂਦੈ ਇਹ ਕਿੰਜ ਕਾਬੂ ਕਰੀਏ ਤਾਂ ਇਸ ਬਾਰੇ ਜ਼ਰੂਰ ਸਤਿਗੁਰੂ ਅੱਗੇ ਅਰਦਾਸ ਕਰਾਂਗੇ।

ਅਰਦਾਸ ਕਿੰਨੀ ਵਾਰੀ ਕਰਨੀ ਚਾਹੀਦੀ ਏ? ਕੋਈ ਬਿਮਾਰ ਹੋ ਜਾਂਦੈ, ਉਸ ਨੂੰ ਅਰਜ਼ ਕਰੀਦੀ ਏ, ਤੂੰ ਭਜਨ ਕਰ, ਸਿਮਰਨ ਕਰ, ਉਹ ਆਂਹਦੈ ਕਿੰਨੇ ਚਿਰ ਵਾਸਤੇ। ਲੇਕਿਨ ਕਬੀਰ ਜੀ ਲਿਖਦੇ ਨੇ-

**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ।।**

ਉਹ ਤੇ ਸੌਣ ਵਾਸਤੇ ਵੀ ਨਹੀਂ ਕਹਿੰਦੇ, ਬਿਨਾਂ ਸੁੱਤਿਆਂ ਅੱਠੇ ਪਹਿਰ ਗੁਰੂ ਦਾ ਨਾਂ ਲਈ ਜਾਓ।

## ਮਨ ਨੂੰ ਆਪਣੇ ਵਸ ਕਰੋ

ਮਨ ਨੂੰ ਜੇ ਆਪਣੇਂ ਵਸ ਵਿਚ ਕਰ ਲਈਏ, ਤਾਂ ਕਿਸੇ ਵੀ ਚੀਜ਼ ਦੀ ਪ੍ਰਾਪਤੀ ਔਖੀ ਨਹੀਂ, ਫੇਰ ਇਸ ਨੂੰ ਵਸ ਕਿਉਂ ਨਾ ਕਰੀਏ। ਅਕਾਲ ਪੁਰਖ ਈਸ਼ਵਰ ਦੀ ਪ੍ਰਾਪਤੀ ਏਡੀ ਔਖੀ ਪ੍ਰਾਪਤੀ ਹੈ, ਜਿਸ ਬਾਰੇ ਲਿਖਿਆ ਹੈ-

**ਹਰਿ ਕੀ ਗਤਿ ਨਹਿ ਕੋਊ ਜਾਨੈ।।**
**ਜੋਗੀ ਜਤੀ ਤਪੀ ਪਚਿਹਾਰੇ ਅਰੁ ਬਹੁ ਲੋਗ ਸਿਆਨੇ।।**

ਏਡੀ ਵੱਡੀ ਚੀਜ਼ ਦੀ ਪ੍ਰਾਪਤੀ ਜਦੋਂ ਹੋ ਜਾਂਦੀ ਏ ਤਾਂ ਦੂਜੀਆਂ ਚੀਜ਼ਾਂ ਏਸ ਤੋਂ ਬਹੁਤ ਹੇਠਾਂ ਰਹਿ ਜਾਂਦੀਆਂ ਨੇ। ਉਹ ਏਸ ਤੋਂ ਘੱਟ ਇਕਾਗਰਤਾ ਨਾਲ ਵੀ ਪ੍ਰਾਪਤ ਹੋ ਸਕਦੀਆਂ ਨੇ। ਹੋਰ ਕਿਹੜੀ ਚੀਜ਼ ਏ ਜਿਹੜੀ ਲਾਂਭੇ ਰਹਿ ਜਾਵੇਗੀ। ਇਹ ਕੋਸ਼ਿਸ਼ ਕਰਿਆ ਕਰੋ।

# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

# ਕਰਨ ਕਰਾਵਣ ਵਾਲਾ ਉਹ ਏ



ਸਤਿਗੁਰੂ ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਸੀ ਕਿ ਇਕ ਡੈਸਕਰਿਪਸ਼ਨ (ਵੇਰਵਾ) ਦੇ ਦਿਤਾ ਏ ਕਿ ਤੁਸੀਂ ਇਸ ਜਗ੍ਹਾ ਤੇ ਪਹੁੰਚ ਜਾਉ ਤੇ ਤੁਸੀਂ ਉਸ ਭਗਵਾਨ ਦਾ ਰੂਪ ਹੋ ਜਾਓਗੇ। ਗੁਰਬਾਣੀ ਵਿਚ ਜਗ੍ਹਾ ਜਗ੍ਹਾ ਇਹ ਵੇਰਵਾ ਦਿਤਾ ਹੈ। ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੈਂ ਉਪਦੇਸ਼ ਸੁਣੇ ਨੇ, ਹੁਕਮ ਹੋਇਆ ਸੀ ਕਿ ਤੁਸੀਂ ਇਹ ਸਿਲੇਬਸ ਪੂਰਾ ਕਰ ਲਉ ਤਾਂ ਤੁਹਾਨੂੰ ਇਹ ਡਿਗਰੀ ਮਿਲ ਜਾਂਦੀ ਏ। ਗੁਰਬਾਣੀ ਵਿਚ ਵੀ ਇਹ ਹੈ ਕਿ ਤੁਹਾਡੀ ਇਹ ਅਵਸਥਾ ਹੋ ਗਈ ਤਾਂ ਤੁਸੀਂ ਉਸ ਅਕਾਲ ਪੁਰਖ ਦਾ ਸਰੂਪ ਹੋ ਜਾਂਦੇ ਹੋ। ਉਹ ਅਕਾਲ ਪੁਰਖ ਉਹ ਨਹੀਂ ਜਿਹੜਾ ਤੁਸੀਂ ਜੰਗਲਾਂ ਵਿਚ ਲੱਭਣ ਜਾਣਾ ਏ, ਇਹ ਆਪਣੇ ਵਿਚ ਹੀ ਏ। ਪਰ ਆਪਾਂ ਨੂੰ ਉਹ ਪਛਾਨਣ ਦੀ ਲੋੜ ਏ। **ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ।।** ਜਿਨ੍ਹਾਂ ਚਿਰ ਮੈਂ ਵਾਲੀ ਕੰਧ ਸਾਡੀ ਨਹੀਂ ਮੁਕਦੀ, ਤੁਸੀਂ ਸੁਣਿਆ ਹੋਵੇਗਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵਿਚ ਆ ਰਿਹਾ ਸੀ ਕਿ ਸਾਨੂੰ ਇਹ ਹੁੰਦਾ ਰਹਿੰਦਾ ਹੈ ਕਿ ਮੈਂ ਇਹ ਕੰਮ ਕਰ ਲਿਆ, ਮੈਂ ਇਹ ਕੀਤਾ, ਤਾਂ ਕਰਕੇ ਮੈਨੂੰ ਇਹ ਪ੍ਰਾਪਤੀ ਹੋ ਗਈ ਏ। ਪਰ ਉਹ ਕਰਨ ਕਰਾਉਣ ਵਾਲਾ ਭੁਲ ਜਾਂਦਾ ਹੈ। **ਹਮ ਕੀਆ ਹਮ ਕਰਹਗੇ ਹਮ ਮੂਰਖ ਗਵਾਰ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ।।** ਜਦੋਂ ਸਾਨੂੰ ਵਿਸ਼ਵਾਸ਼ ਹੋ ਜਾਂਦਾ ਏ ਕਿ ਮੈਂ ਕਰਨ ਵਾਲਾ ਨਹੀਂ, ਕਰਨ ਕਰਾਵਣ ਵਾਲਾ ਉਹ ਏ ਤੇ ਸੁਖ ਦੀ ਪਹਿਲੀ ਪਉੜੀ ਆਪਾਂ ਉਦੋਂ ਹੀ ਚੜਨ ਲਗ ਜਾਂਦੇ ਹਾਂ।

ਸਤਿਗੁਰੂ ਸੱਚੇ ਪਾਤਸ਼ਾਹ ਨੇ ਵਾਰ ਵਾਰ ਦੁਹਰਾਇਆ ਕਿ ਆਪਾਂ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰੀਏ। ਤੁਸੀਂ ਧਿਆਨ ਨਾਲ ਸੁਣਿਆ ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਨੇ ਕਿ ਕਈ ਇਹ ਕਹਿੰਦੇ ਨੇ ਕਿ ਮੇਰਾ ਮਨ ਨਹੀਂ ਲਗਦਾ। ਇਹ ਪਤਾ ਤਾਂ ਹੀ ਲਗੇਗਾ ਜੇ ਬੈਠਾਂਗੇ। ਜੇ ਬਹਿਣਾ ਹੀ ਨਹੀਂ ਤਾਂ ਮਨ ਕਿਥੇ ਲਗਣੈ। ਫਿਰ ਸੱਚੇ ਪਾਤਸ਼ਾਹ ਇਹ ਹੁਕਮ ਕਰਦੇ ਨੇ, ਇਕ ਬਾਂਦਰ ਏ ਉਹ ਉਜਾੜਾ ਕਰਦੈ, ਉਹ ਕਿਸੇ ਦਾ ਨੁਕਸਾਨ ਕਰਦੈ, ਕਿਸੇ ਦੇ ਕਪੜੇ ਪਾੜਦੈ। ਇਕ ਬਾਂਦਰ ਬੰਨ ਕੇ ਬਿਠਾਇਐ ਉਹਦੇ ਨਾਲੋਂ ਤੇ ਇਹ ਚੰਗਾ ਏ। ਜੇ ਆਪਾਂ ਦਾ ਮਨ ਨਹੀਂ ਵੀ ਲਗਦਾ ਤੇ ਆਪਾਂ ਬੈਠੇ ਤੇ ਹਾਂ ਉਸ ਅਕਾਲ ਪੁਰਖ ਨੂੰ ਯਾਦ ਕਰਦੇ ਹਾਂ। ਸੱਚੇ ਪਾਤਸ਼ਾਹ ਕਿਰਪਾ ਕਰਨਗੇ ਮਨ ਵੀ ਲਗ ਜਾਏਗਾ। ਸਾਰਿਆਂ ਦੇ ਕੋਲ ਮੇਰੀ ਬੇਨਤੀ ਏ ਮੈਂ ਸੱਚੇ ਪਾਤਸ਼ਾਹ ਜੀ ਦਾ ਹੁਕਮ ਸੁਣਾਉਂਦਾ ਹੋਇਆ ਆਓ ਭੁਲੀਏ ਨਾ ਉਹਨਾਂ ਦਾ ਹੁਕਮ ਏ ਕਿ ਇਕ ਘੰਟਾ ਨਾਮ ਸਿਮਰਨ ਹਰ ਕੋਈ ਜ਼ਰੂਰ ਕਰਿਆ ਕਰੇ। ਜਿਹੜੇ ਨਹੀਂ ਵੀ ਨਾਮਧਾਰੀ ਇਥੇ ਦੂਸਰੇ ਆਏ ਹੋਏ ਨੇ ਜਿਹਨੂੰ ਵੀ ਜਿਹੜੇ ਮੰਨਦੇ ਨੇ ਉਸ ਪ੍ਰਮਾਤਮਾ ਉਹ ਅਕਾਲ ਪੁਰਖ ਇਕ ਹੀ ਏ। ਉਹਦੇ ਚਰਨਾਂ ਨਾਲ ਜੁੜਕੇ ਇਕ ਘੰਟਾ ਬੈਠ ਕੇ ਉਸ ਪ੍ਰਮਾਤਮਾ ਦੇ ਚਰਨਾਂ ਵਿਚ ਅਰਦਾਸ ਕਰਕੇ ਜਾਓ - **ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ।।** ਉਹਦੇ ਘਰ ਵਿਚ ਕੋਈ ਤੋਟ ਨਹੀਂ, ਉਹ ਬਖਸ਼ਿਸ਼ ਕਰੇ ਸਾਰਿਆਂ ਨੂੰ ਸੁਖ ਦੇਵੇ। ਇਨੀ ਅਰਜ਼ ਕਰਕੇ ਮੈਂ ਖਿਮਾ ਮੰਗਦਾ ਹਾਂ। ਸਤਿ ਸ੍ਰੀ ਅਕਾਲ।

# ਅੰਮ੍ਰਿਤ ਛਕਾਉਣ ਦੀ ਪਹਿਲ ਕਦਮੀ...(ਬਾਕੀ ਸਫਾ 2 ਦੀ)

ਚਰਣਾਮ੍ਰਿਤ ਤੋਂ ਅੱਗੇ ਅੰਮ੍ਰਿਤ ਛਕਾਉਣ ਦੀ ਮਰਯਾਦਾ ਦਸਵੇਂ ਪਾਤਸ਼ਾਹ ਨੇ 33 ਸਾਲ ਦੀ ਉਮਰ 'ਚ ਆਰੰਭ ਕੀਤੀ। ਗੁਰਗੱਦੀ ਤੇ ਸੁਭਾਏਮਾਨ ਹੋਣ ਤੋਂ 24 ਸਾਲ ਬਾਅਦ। ਕੁਝ ਗ੍ਰੰਥਾਂ ਦੇ ਹਵਾਲੇ ਅਨੁਸਾਰ ਜਦ ਦਸਵੇਂ ਪਾਤਸ਼ਾਹ ਨੇ ਅੰਮ੍ਰਿਤ ਤਿਆਰ ਕੀਤਾ ਤਾਂ ਉਸ ਵਿਚ ਮਾਤਾ ਜੀ ਨੇ ਪਤਾਸੇ ਪਾਏ। ਇਸ ਵਿਚ ਕੋਈ ਮਾਤਾ ਜੀਤੋ ਜੀ ਦਾ ਨਾਂ ਲਿਖਦਾ ਹੈ, ਕੋਈ ਮਾਤਾ ਸਾਹਿਬ ਦੇਵਾਂ ਦਾ ਨਾਂ ਲਿਖਦਾ ਹੈ ਪਰ ਕੁੱਝ ਰਚਨਾਵਾਂ ਵਿਚ ਮਾਤਾ ਨਾਨਕੀ ਦਾ ਵੀ ਨਾਂ ਹੈ। ਦਸਵੇਂ ਪਾਤਸ਼ਾਹ ਦੀ ਦਾਦੀ ਦਾ ਨਾਂ ਹੈ। ਇਹ ਹਵਾਲਾ ਭਾਸ਼ਾ ਵਿਭਾਗ ਪੰਜਾਬ ਵਲੋਂ ਛਾਪੇ ਸਰੂਪ ਦਾਸ ਭੱਲਾ ਦੀ ਰਚਨਾ ਮਹਿਮਾ ਪ੍ਰਕਾਸ਼ 'ਚ ਆਇਆ ਹੈ। ਇਸ ਤੋਂ ਇਕ ਗੱਲ ਸਪਸ਼ਟ ਹੈ ਕਿ ਸਤਿਗੁਰੂ ਜੀ ਦੇ ਅਨੰਦਪੁਰ ਸਾਹਿਬ, ਕੇਸਗੜ੍ਹ ਵਿਖੇ ਸਜਾਏ ਉਸ ਦਿਵਾਨ ਵਿਚ ਜਿਸ ਵਿਚ ਖਾਲਸਾ ਪੰਥ ਦੀ ਅੰਮ੍ਰਿਤ ਛਕਾ ਕੇ ਸਾਜਨਾ ਵੀ ਕੀਤੀ ਗਈ, ਉਸ ਵਿਚ ਬੀਬੀਆਂ ਵੀ ਹਾਜ਼ਰ ਸਨ। ਪਰ ਕਿਸੇ ਬੀਬੀ ਨੂੰ ਸਤਿਗੁਰੂ ਜੀ ਨੇ ਅੰਮ੍ਰਿਤ ਨਹੀਂ ਛਕਾਇਆ। ਇਸ ਬਾਰੇ ਕਿੰਤੂ ਪ੍ਰੰਤੂ ਨਹੀਂ ਹੋ ਸਕਦਾ। ਸਤਿਗੁਰੂ ਜੀ ਦੀ ਕੀ ਰਜ਼ਾ ਹੈ, ਉਸਦੇ ਕੀ ਪ੍ਰੋਗਰਾਮ ਹਨ ਸਿੱਖ ਉਸਨੂੰ ਸਮਝ ਨਹੀਂ ਸਕਦਾ। ਜੇ ਅਸੀਂ ਅੱਜ ਸੋਚਣ ਲੱਗੀਏ ਕਿ ਹੋ ਸਕਦਾ ਹੈ ਕਿ ਉਹਨਾਂ ਨੇ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਹੋਏ ਅਤੇ ਸਾਨੂੰ ਨਾ ਪਤਾ ਹੋਏ ਤੇ ਇਹ ਗੱਲ ਬਹੁਤੀ ਵਜ਼ਨਦਾਰ ਨਹੀਂ ਲਗਦੀ ਕਿਉਂਕਿ ਇਤਿਹਾਸਕ ਹਵਾਲੇ ਸਾਹਮਣੇ ਹਨ।

ਸਭ ਤੋਂ ਪੁਰਾਣੀ ਰਚਨਾ ਸੈਨਾਪਤੀ ਦੀ ਵਿਚਾਰੀ ਜਾ ਸਕਦੀ ਹੈ- ਸ੍ਰੀ ਗੁਰੂ ਸੋਭਾ, ਜਿਸ ਦੀ ਰਚਨਾ ਖਾਲਸਾ ਸਾਜਨਾ ਤੋਂ 12 ਕੁ ਸਾਲ ਬਾਅਦ ਦੀ ਹੈ। 1711 ਈ. ਦੀ। ਉਸ ਤੋਂ ਅਗਲੀ ਰਚਨਾ ਭਾਈ ਕੋਇਰ ਸਿੰਘ ਦਾ ਸ੍ਰੀ ਗੁਰ ਬਿਲਾਸ ਕਹੀ ਜਾ ਸਕਦੀ ਹੈ। ਇਹ 1751 ਈ. ਦੀ ਰਚਨਾ ਹੈ। ਕੇਸਰ ਸਿੰਘ ਛਿੱਬਰ ਨੇ ਬੰਸਾਵਲੀਨਾਮਾ 1769 ਵਿਚ ਰਚੀ। ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ 1776 ਈ. 'ਚ ਲਿਖੀ। ਭਾਈ ਰਤਨ ਸਿੰਘ ਭੰਗੂ ਦੀ ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ ਕਿਰਤ 1841 ਈ. ਦੀ ਹੈ ਅਤੇ ਕਾਵਿ ਚੂੜਾਮਣੀ ਭਾਈ ਸੰਤੋਖ ਸਿੰਘ ਦੀ ਸੂਰਜ ਪ੍ਰਕਾਸ਼ ਦੀ ਰਚਨਾ 1843 ਦੀ ਹੈ। ਅਤੇ ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ 1867 ਈ. ਦੀ ਕਾਵਿ ਰਚਨਾ ਹੈ। ਉਹਨਾਂ ਦੀ ਇਕ ਹੋਰ ਰਚਨਾ ਤਵਾਰੀਖ ਗੁਰੂ ਖਾਲਸਾ ਵੀ ਹੈ। ਇਹਨਾਂ ਰਚਨਾਵਾਂ ਵਿਚੋਂ ਕਿਸੇ ਰਚਨਾ ਵਿਚ ਵੀ ਇਹ ਹਵਾਲਾ ਨਹੀਂ ਆਇਆ ਕਿ ਦਸਵੇਂ ਪਾਤਸ਼ਾਹ ਨੇ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਹੋਵੇ।

1708 ਈ. ਤੋਂ ਬਾਅਦ ਦਾ ਬਹੁਤ ਸਮਾਂ ਸਿੱਖਾਂ ਲਈ ਕਸ਼ਟ ਭਰਿਆ ਸਮਾਂ ਸੀ ਜਿਸ ਸਮੇਂ ਵਿਚ ਉਹਨਾਂ ਨੂੰ ਖੰਡਾ ਖੜਕਾਉਣਾ ਪਿਆ। ਦੁਸ਼ਮਣਾਂ ਦੇ ਆਹੂ ਲਾਹਣੇ ਪਏ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਬੀਬੀਆਂ, ਬੱਚਿਆਂ, ਸਿੰਘਾਂ ਨੂੰ ਸ਼ਹੀਦੀਆਂ ਪ੍ਰਾਪਤ ਕਰਨੀਆਂ ਪਈਆਂ। ਇਸ ਸਾਰੇ ਦੁੱਖਾਂ ਤਕਲੀਫਾਂ ਦੇ, ਜੰਗਾਂ ਯੁੱਧਾਂ ਦੇ ਲੰਮੇ ਸਮੇਂ ਨੂੰ ਪਾਰ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸਮਾਂ ਆਇਆ। ਉਸ ਸਮੇਂ ਵਿਚ ਪਹਿਲੀ ਰਹਿਤ ਮਰਯਾਦਾ ਵੀ ਕਈਆਂ ਨੇ ਤਿਆਗ ਦਿੱਤੀ। ਉਹਨਾਂ ਬਾਣੀ ਪੜ੍ਹਨੀ ਹੀ ਛੱਡ ਦਿੱਤੀ। ਪੰਜ ਕਕਾਰਾਂ ਦੀ ਮਰਯਾਦਾ ਉਹਨਾਂ ਵਾਸਤੇ ਕੋਈ ਮਹੱਤਵ ਨਹੀਂ ਸੀ ਰੱਖਦੀ। ਕੁੜੀਮਾਰਾਂ, ਨੜੀਮਾਰਾਂ, ਮੋਨਿਆਂ, ਮੀਣਿਆਂ, ਮਸੰਦਾਂ ਨਾਲ ਉਹ ਵਰਤਣ ਲੱਗ ਪਏ। ਉਹ ਜੂਏਬਾਜ, ਵੇਸਵਾਗਾਮੀ ਹੋ ਗਏ। ਉਹਨਾਂ ਸ਼ਰਾਬ ਆਦਿ ਨਸ਼ੇ ਅਪਣਾ ਲਏ, ਮਲੇਛਾਂ ਨਾਲ ਸੰਬੰਧ ਬਣਾ ਲਏ ਅਤੇ ਤੇਗਾਂ ਮਾਰ ਕੇ ਲਿਆ ਰਾਜ ਕੌਡੀਆਂ ਵਿਚ ਰੋਲ ਦਿੱਤਾ। ਉਸ ਸਮੇਂ ਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਸਵੇਂ ਪਾਤਸ਼ਾਹ ਦੀ ਮਰਯਾਦਾ ਨੂੰ ਸਿੱਖਾਂ ਅੰਦਰ ਫਿਰ ਸੁਰਜੀਤ ਕੀਤਾ। 12 ਅਪ੍ਰੈਲ 1857 ਨੂੰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਛਕਾਇਆ ਅਤੇ ਜਿਸ ਤਰ੍ਹਾਂ ਦੇ ਸਿੱਖ ਤਿਆਰ ਕੀਤੇ ਉਸ ਨਾਲ ਸਤਿਜੁਗ ਹੀ ਆ ਗਿਆ।

*ਫੀਮ, ਭੰਗ, ਪੋਸਤ, ਸ਼ਰਾਬ, ਮਾਸ,*
*ਚੋਰੀ, ਯਾਰੀ, ਠਗੀ ਤਜਿ ਥੀਏ।*
*ਸੰਤ ਸਤਿਜੁਗ ਆ ਗਿਓ।*

*- ਪੰਥ ਪ੍ਰਕਾਸ਼*

ਇਸ ਸਤਿਜੁਗ ਆਉਣ ਤੋਂ ਬਾਅਦ ਤਤਕਾਲ ਹੀ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਮਰਯਾਦਾ ਆਰੰਭ ਨਹੀਂ ਹੋਈ। ਸਤਿਗੁਰੂ ਜੀ ਨੇ ਸਾਰੀ ਸਥਿਤੀ ਨੂੰ ਸਮਝਦਿਆਂ ਹੋਇਆਂ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਮਰਯਾਦਾ 1863 ਈ., 1 ਜੂਨ ਨੂੰ ਆਰੰਭ ਕੀਤੀ। ਉਸ ਦਿਨ ਜੇਠ ਸੁਦੀ ਪੂਰਨਮਾਸ਼ੀ ਸੰਮਤ 1920 ਬਿਕਰਮੀ ਅਤੇ ਦਿਨ ਸੋਮਵਾਰ ਸੀ। ਇਹ ਮਰਯਾਦਾ ਜਿਲ੍ਹਾ ਲੁਧਿਆਣਾ ਦੇ ਪਿੰਡ ਸਿਆੜ੍ਹ ਤੋਂ ਸ਼ੁਰੂ ਕੀਤੀ ਗਈ। ਇਸ ਦਾ ਹਵਾਲਾ ਸੰਤ ਸੰਤੋਖ ਸਿੰਘ ਬਾਹੋਵਾਲ ਕ੍ਰਿਤ ਸਤਿਗੁਰੂ ਬਿਲਾਸ ਹਿੱਸਾ ਪਹਿਲਾਂ 'ਚ ਲਿਖਿਆ ਹੈ-

*"ਸ੍ਰੀ ਸਤਿਗੁਰੂ ਜੀ ਸਿਆੜ ਮੈ ਮਾਈਆਂ ਕੋ ਅੰਮ੍ਰਿਤ ਛਕਾਇਆ ਤੇ ਕਛਹਿਰੇ ਪਵਾਏ। ਸੁਚ ਹੋਵੈ ਤਾ ਸਚੁ ਪਾਈਐ ਇਸ ਵਾਸਤੇ ਬੀਬੀਆਂ ਲਈ ਵੀ ਸੋਧ ਕੀ ਰੀਤ ਤੋਰੀ। ਝੀਊਰ ਸੱਕਿਆਂ ਦਾ ਪਾਣੀ ਅਤੇ ਬੋਕੇ ਦਾ ਪਾਣੀ ਹਟਾਇ ਦਿਤੇ ਹੈ। ਬਚਨ ਕੀਤਾ ਆਪ ਪਾਣੀ ਭਰਿਆ ਕਰੋ। ਚੌਕਾ ਦੇ ਕੇ ਪ੍ਰਸ਼ਾਦਾ ਸਜਾਇਆ ਕਰੋ।"*

ਸੰਤ ਜੀ ਨੇ ਇਸ ਗ੍ਰੰਥ ਦੀ ਰਚਨਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ ਰਹਿ ਕੇ ਕੀਤੀ। ਉਹ ਲਿਖਦੇ ਹਨ ਕਿ ਉਹ ਪ੍ਰਸੰਗ ਲਿਖ ਕੇ ਸਮੇਂ ਸਮੇਂ ਸ੍ਰੀ ਸਤਿਗੁਰੂ ਜੀ ਨੂੰ ਸੁਣਾ ਲੈਂਦੇ ਸਨ।

ਸਤਿਗੁਰੂ ਰਾਮ ਸਿੰਘ ਜੀ ਨੂੰ ਇਹ ਮਰਯਾਦਾ ਆਰੰਭ ਕਰਨ ਲਈ ਸੂਬਾ ਲੱਖਾ ਸਿੰਘ ਨੇ ਅਰਜ਼ ਕੀਤੀ ਸੀ ਕਿ ਮਾਈਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਜਾਏ, ਕਛਹਿਰੇ ਪਵਾਏ ਜਾਣ ਅਤੇ ਪੰਜ ਕਕਾਰ ਦੇ ਧਾਰਨੀ ਬਣਾਇਆ ਜਾਏ। ਗਿੱਚੀ ਵਿਚ ਜੂੜਾ ਕੀਤਾ ਜਾਏ। ਜੇ ਦਸਤਾਰ ਬੰਨ੍ਹੇ ਤਾਂ ਗਿਰਸਤ ਨਾ ਕਰੇ। ਸੂਬਾ ਜਵਾਹਰ ਸਿੰਘ ਨੂੰ ਬੀਬੀ ਦਯਾ ਕੌਰ, ਬੀਬੀ ਉਤਮੀ, ਬੀਬੀ ਕਰਮ ਕੌਰ ਆਦਿ ਨੇ ਕਿਹਾ ਕਿ ਉਹ ਵੀ ਅੰਮ੍ਰਿਤ ਛਕਣਾ ਚਾਹੁੰਦੀਆਂ ਹਨ।

ਸ੍ਰੀ ਸਤਿਗੁਰੂ ਜੀ ਨੇ ਜਿਸ ਦਿਨ ਇਹ ਮਰਯਾਦਾ ਆਰੰਭ ਕੀਤੀ ਉਸ ਦਿਨ 25 ਕੁ ਬੀਬੀਆਂ ਨੇ ਅੰਮ੍ਰਿਤ ਛਕਿਆ। ਇਹਨਾਂ ਮਾਈਆਂ ਵਿਚ ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਵੀ ਸਨ।

ਉਸ ਤੋਂ ਪਹਿਲਾਂ ਇਸਤਰੀਆਂ ਦੀ ਕੋਈ ਬੱਝਵੀਂ ਮਰਯਾਦਾ ਨਹੀਂ ਸੀ। ਉਹ ਬੇਸ਼ਕ ਸਿਰ ਉਤੇ ਭਾਰਾ ਕੱਪੜਾ ਰੱਖਦੀਆਂ ਸਨ ਪਰ ਤੇੜ ਘੱਗਰੀ ਹੀ ਪਾਉਂਦੀਆਂ ਸਨ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਹਨਾਂ ਨੇ ਕਮੀਜ਼ਾਂ ਤੇ ਸੁੱਥਣਾਂ ਪਾ ਲਈਆਂ, ਪੰਜ ਕਕਾਰ ਦੀਆਂ ਧਾਰਨੀ ਬਣ ਗਈਆਂ। ਬਾਣੀ ਪੜ੍ਹਨ ਵਾਸਤੇ ਆਪ ਜੀ ਨੇ ਉਚੇਚਾ ਹੁਕਮ ਕੀਤਾ ਕਿ ਬੀਬੀਆਂ ਵੀ ਪੜ੍ਹਨ ਹੋਸ਼ ਆਉਣ ਦੇ ਨਾਲ ਲੜਕੀ ਲੜਕੇ ਸਭ ਨੂੰ ਗੁਰਮੁੱਖੀ ਅੱਖਰ ਪੜ੍ਹਾਏ ਜਾਣ। ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਨੂੰ ਸਮਾਜ ਵਿਚ ਜਿੰਨਾ ਆਦਰਯੋਗ ਥਾਂ ਦਵਾਇਆ ਉਸੇ ਨੂੰ ਹੀ ਧਿਆਨ ਵਿਚ ਰੱਖਦਿਆਂ ਸਿਖ ਵਿਦਵਾਨ ਕਪੂਰ ਸਿੰਘ (ਆਈ ਸੀ ਐਸ) ਨੇ ਲਿਖਿਆ ਹੈ :

*"ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਜੀ ਪਿਛੋਂ ਬਾਬਾ (ਗੁਰੂ) ਰਾਮ ਸਿੰਘ ਹਿੰਦੁਸਤਾਨ ਵਿਚ ਇਕ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ। ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਹਨਾਂ ਦੇ ਦੇਸ ਤੇ **ਜਾਤਿ** ਲਈ ਜੋ ਹੋਰ ਮਹਾਨ ਕੰਮ ਕੀਤੇ ਉਹ ਛੱਡ ਵੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜ੍ਹਾ ਕਰ ਦੇਂਦਾ ਹੈ। -ਪੰਚਨਦ*

ਮਹਾਨ ਸੁਧਾਰਕਾਂ ਦੇ ਤੌਰ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਪਹਿਲ ਕਦਮੀ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਸੀ ਤਾਂਕਿ ਘਰ ਵਿਚ ਇਸਤਰੀ ਪੁਰਸ਼ ਦੇਸ ਕੌਮ ਦੇ ਭਲੇ ਲਈ ਇਕੋ ਮਰਯਾਦਾ ਦੇ ਧਾਰਨੀ ਹੋ ਕੇ ਠੋਸ ਕੰਮ ਕਰ ਸਕਣ। 153 ਸਾਲਾਂ ਤੋਂ ਲੈ ਕੇ ਅੱਜ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਸਮੇਂ ਤੱਕ ਇਹ ਮਰਯਾਦਾ ਲਗਾਤਾਰ ਇਸਤਰੀ ਪੁਰਸ਼ ਦਾ ਸਮਾਜ ਵਿਚ ਬਣਦਾ ਮਾਨ ਸਨਮਾਨ ਬਣਾ ਰਹੀ ਹੈ।

**-ਤਾਰਾ ਸਿੰਘ ਅਨਜਾਣ**

सतिजुग
1920 में स्थापित

# नारी जाति के उद्धारक श्री सद्‌गुरु राम सिंह जी

✍डा. सतवंत कौर मठारु

नामधारी सम्प्रदाय के संस्थापक, प्रथम भारतीय स्वतन्त्रता संग्राम व समाज सुधारक श्री सद्‌गुरु राम सिंह जी ने कूका लहर चलाकर देश व समाज के सभी पक्षों में क्रान्ति ला दी। समाज की स्थिति सुधारने तथा गुरु गुोबिंद सिंह जी की आलोप हुई सिक्खी को पुनः जागृत करने के लिये आपने 12 अप्रैल 1857 ई. को पांच सिक्खों को पुनः अमृतपान कराकर संत खालसा कूका पंथ की स्थापना की और समाज को संगठित किया।

### नारी जाति को अमृतपान—

समाज में नारी को पुरुषों के समान समानता का अधिकार प्रदान किया। आपने प्रथम बार 1 जून 1863 ई को सिआड़ गांव लुधियाना जिला की स्त्रियों को शुद्ध व स्वच्छ होकर सिक्खों के समान कछहरा व बाकी ककार धारण करके अमृतपान कराया और गुरुमत व सिक्ख इतिहास में विशेष उदाहरण प्रस्तुत किया। आप ने समाज में पनप रही कुरीतियों को दूर करने का यत्न किया।

### नारी सुधार—

समाज में औरतों की स्थिति को सुधारने के लिए ठोस यत्न किये। बाल विवाह, सती प्रथा, लडकी का क्रय विक्रय, नवजात लडकी की हत्या पर पाबन्दी लगाई। नारी पर हो रहे जुल्म अत्याचार को रोका। विधवा विवाह पर जोर दिया। लडकी को भी सम्मान से जीने का आदेश दिया। स्त्राी को पुरुषों के अत्याचारों से मुक्त कराया।

### सामूहिक विवाह—

श्री सद्‌गुरु राम सिंह जी ने भारतीय समाज में पुरातन विवाह के खर्चीले रीति रिवाजों का कड़ा विरोध किया। तथा आनन्द मर्यादा आरम्भ करने का निश्चय किया। यह नारी जाति पर बहुत बडा उपकार था। इस रीति से लड़की के माता पिता भी राहत महसूस करने लगे। आपने प्रथम बार 3 जून 1863 ई. गांव खोटा जिला फिरोजपुर में विवाह पद्धति को सम्पन्न किया। यह विवाह पद्धति आसा की वार के कीर्तन के पश्चात वेदी में हवन कुंड के इर्द गिर्द 6 लडकी लडका को केश सहित स्नान करवा कर सादे वस्त्राों में अमृतपान कराकर श्री आदि ग्रंथ साहिब में से लावों का पाठ करके उनके फेरे करवाये। यह विवाह अर्न्तजातिय तथा दाज रहित हुए थे। सिक्ख इतिहास में पहली बार ऐसा हुआ था। इनका विरोध ब्राह्मण वर्ग ने किया। तत्पश्चात इसी को आधार मानकर 22 अक्तूबर 1909 ई को भारत सरकार ने आनन्द मैरिज एक्ट पास किया।

### गुरुमुखी—

श्री सद्‌गुरु राम सिंह जी ने लडकीयों को पंजाबी गुरुमुखी लिपि अक्षर ज्ञान का आदेश दिया। लडकियों को शिक्षा से एक घर परिवार सुशिक्षित हो सकता है। गुरुबाणी के पाठ अभ्यास के लिए पढ़ना आवश्यक है। आपने हर क्षेत्र में सूबों की नियुक्ति की जिसमें कुछ स्त्रियों को भी सूबेदारी सौंपी गई। बीबी हुक्मी पहली सूबा बनी। आपने पुरषों के सम्मान स्त्रियों को धार्मिक व सामाजिक कार्यों में भाग लेने का अधिकार दिया। यदी आपने नारी जाति पर ऐसी कृपा न की होती तो नारी की दशा क्या होती? आपकी कृपा से आज हर क्षेत्र में नारी पुरुषों के समान कर्तव्य निभा रहीं हैं। सद्‌गुरु जी की कृपा से तथा नारी जाति का उद्धार करके आपने इसे नव जीवन प्रदान किया। ■

# ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ਾਂ ਦੀ ਪਾਤਰ



**ਜਸਵੀਰ ਕੌਰ**

ਨਾਮਧਾਰੀ ਬੱਚੀ ਜਸਵੀਰ ਕੌਰ ਪੁੱਤਰੀ ਸੰਤ ਗੁਰਚਰਨ ਸਿੰਘ ਡੇਰਾ ਨੀਲੋਂ ਨਹਿਰ ਨੈਸ਼ਨਲ ਕਾਲਜ ਮਾਛੀਵਾੜਾ ਜ਼ਿਲਾ ਲੁਧਿਆਣਾ ਦੀ ਵਿਦਿਆਰਥਣ ਹੈ। ਜਸਵੀਰ ਕੌਰ ਨੇ ਬੀ. ਏ. ਦੇ ਤਿੰਨਾਂ ਸਾਲਾਂ ਵਿਚ ਲਗਾਤਾਰ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ Topper of Graduation ਬਣ ਕੇ ਕਾਲਜ ਦੀ Shining Star ਦਾ ਖਿਤਾਬ ਹਾਸਿਲ ਕੀਤਾ। M.A. of Literature ਵਿਚ 70% ਨਾਲ ਦੂਜਾ ਸਥਾਨ ਪ੍ਰਾਪਤ ਕੀਤਾ। ਸਪੋਰਟਸ ਦੇ ਖੇਤਰ ਵਿਚ ਨਾਮਧਾਰੀ ਡਰੈਸ ਵਿਚ ਖੇਡ ਕੇ ਇਸ ਬੱਚੀ ਨੇ 9 ਮੈਡਲ ਤੇ 5 ਟਰਾਫੀਆਂ ਹਾਸਿਲ ਕੀਤੀਆਂ। ਚੰਡੀਗੜ੍ਹ ਯੂਥ ਫੈਸਟੀਵਲ ਵਿਚ ਵੀ ਕਈ ਟਰਾਫੀਆਂ ਹਾਸਿਲ ਕੀਤੀਆਂ। ਕਾਲਜ ਦੀਆਂ ਹੋਰ ਪ੍ਰਤੀਯੋਗਤਾਵਾਂ ਵਿਚ ਮੈਰਿਟ ਸਰਟੀਫਿਕੇਟ ਹਾਸਲ ਕੀਤੇ।

# CANADIAN PRIME MINISTER'S APOLOGY FOR KOMAGATA MARU

## NAMDHARI SIKHS ALSO EXPECT LARGE-HEARTEDNESS FROM UNITED KINGDOM FOR MALERKOTLA MARTYRES

✍ **H.S. HANSPAL**

Namdhari Sikhs highly appreciate and deeply commend the apology offered by the Canadians through their Prime Minister in the Canada's House of Commons.

The Komagata Maru was a ship that travelled from Hong Kong to Vancouver in 1914, carrying 376 economic migrants from India. The Komagata Maru incident was an incident in which the Canadian government denied the entrance of Komagata Maru with all its passengers to Vancouver due to the prevalent exclusion law set to keep out Asian migrants. The Komagata Maru stayed at the docks for two months. During those two months, the passengers were denied food and water. The Asian immigrants that came before the Exclusion Act was enforced, managed to give the passengers on board some food and water. After two months Canadian government sent back the Komagata Maru out of Canadian territory.



**Canada's Prime Minister Justin Trudeau delivers a formal apology for the Komagata Maru incident in the House of Commons on Parliament Hill in Ottawa, Canada, on May 18, 2016.**

When the Komagata Maru reached Calcutta to drop of the passengers, they were stopped by a British gun boat. The ship was then taken to a place called Budge Budge in Calcutta where they tried to arrest 20 or more men they saw as leaders. When those men started to resist the arrest, gunfire from the British gun boat started to break out and at least 19 people were killed. Some of them escaped, while the others were arrested and imprisoned in their villages and kept there for the duration of the First World War.

On May 18, 2016, the Canadian PM delivered a formal apology in the House of Commons, in front of descendants of those directly affected by the incident.

The Prime Minister of Canada Mr. Justin Trudeau said: Today I rise in this House to offer an apology on behalf of the government of Canada, for our role in the Komagata Maru incident. More than a century ago, a great injustice took place. On May 23, 1914, a steamship sailed into Burrard Inlet in Vancouver. On board were 376 passengers, of Sikh, Muslim, and Hindu origin. Those passengers, like millions of immigrants to Canada since, came seeking better lives for their families. Greater opportunities. A chance to contribute to their new home.

Canada cannot solely be blamed for every tragic mistake that occurred with the Komagata Maru and its passengers. But Canada's government was, without question, responsible for the law that prevented these passengers from immigrating peacefully and securely. For, that and for every regrettable consequence that followed, we are sorry. I apologise, first and foremost, to the victims of the incident.

No words can fully erase the pain and suffering they experienced. Regrettably, the passage of time means that none are alive to hear our apology today. Still, we offer it, fully and sincerely. For our indifference to your plight. For our failure to recognise all that laws that discriminated against you, so senselessly. And for not formally apologising sooner. For all these things, we are truly sorry.

I also wish to apologise to the descendants for the passengers of the Komagata Maru, including those who are with us here today. We can never know what your lives would have been like had your relatives been welcomed to Canada. The ways in which your lives would have been different. The way in which Canada would have been enriched. Those possibilities are lost to history.

For that – and to you – we apologise. Just as we apologise for past wrongs, so too must we commit ourselves to positive action – to learning from the mistakes of the past, and to making sure that we never repeat them. That is unique promise and potential of Canada. Trudeau's apology is a historic moment for Canadian Sikhs and recognises the dark chapter the Komagata Maru tragedy marks in Canada's history. Canada is today a model of multiculturalism and inclusivity.




**Passengers who travelled in Komagata Maru Ship in 1914**

***Similarly Namdhari Sikhs also suffered during freedom struggle of India. They were the true precursors of the Independence movement in India. Long before martyrdom became the creed of the national movement, 66 Namdhari Sikhs stood in front of British canons, raised the slogan Sat Sri Akal and were blown apart, without any trial and conviction.***

***Martyr Bhagat Singh to narrate their heroic feat wrote: "Forty-nine of them had already been blown apart by the canons. The 50th turned out to be a 12-year-old called Bishan Singh, whose two brothers had also fallen to the canon. Unfazed, the boy rushed to the deputy commissioner and caught his beared tightly with his both delicate hands. His heroism did not last long, for he was cut into pieces by the soldiers."***

***Shaheed Bhagat Singh further wrote: "Unlike many a smart leaders of the national movement, Kukas may not have been clever, but their bravery was astounding. Fifty of them martyred on January 17, 1872 and another 16 the following day without any trial."***

***The Namdhari Sikhs would, therefore, seek similar large heartedness from the United Kingdom government to offer an apology to the descendants of the Namdhari Martyrs, recognising the dark chapter of the history which occurred 144 years ago in 1872 in Malerkotla.***



**Komagata Maru Ship in Vancouver.**

# ਗੁਰਮਤਿ ਵਿਚ ਅਨੰਦ ਕਾਰਜ...(ਬਾਕੀ ਸਫਾ 2 ਦੀ)

ਕਲਪ ਕਰ ਦਿਤੀ। ਸਿਖਾਂ ਨੂੰ ਜਿਊਣ ਦੀ ਜੁਗਤ ਦੱਸੀ ਅਤੇ ਉਹਨਾਂ ਨੂੰ ਗੁਰਬਾਣੀ ਅਤੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਤੇ ਚਲਣ ਅਤੇ ਉਹਨਾਂ ਨੂੰ ਅਮਲੀ ਜਾਮਾ ਪਹਿਨਾਉਣ ਦਾ ਸੰਦੇਸ਼ ਦਿਤਾ। ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿਖਿਆਵਾਂ ਨੇ ਲੋਕਾਈ ਤੇ ਜਾਦੂਮਈ ਅਸਰ ਕੀਤਾ, ਉਹ ਸ਼ਰਾਬ, ਮਾਸ, ਚੋਰੀ, ਯਾਰੀ ਛੱਡ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਜੋ ਆਲਿਆਂ ਵਿਚ ਚੂਹਿਆਂ ਅਤੇ ਸਿਉਂਕ ਦਾ ਖਾਣਾ ਬਣ ਰਹੀਆਂ ਸਨ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਬੀੜਾਂ ਨੂੰ ਬਾਹਰ ਕਢ ਕੇ ਉਹਨਾਂ ਦਾ ਪ੍ਰਕਾਸ਼ ਕਰਵਾਉਣਾ ਸ਼ੁਰੂ ਕੀਤਾ ਅਤੇ ਉਹਨਾਂ ਦੇ ਅਦਬ ਸਤਿਕਾਰ ਦੀ ਮਰਯਾਦਾ ਲੋਕਾਈ ਵਿਚ ਬਹਾਲ ਕੀਤੀ। ਇਸ ਪ੍ਰਕਾਰ ਕੁਝ ਸਮੇਂ ਵਿਚ ਹੀ ਸਤਿਗੁਰਾਂ ਦੇ ਜਤਨਾਂ ਸਦਕਾ ਦੇਸ਼ ਵਿਚ ਸਤਿਜੁਗ ਦਾ ਪਹਿਰਾ ਹੋ ਗਿਆ ਅਤੇ ਲੋਕਾਈ ਵਿਚ ਮਨਮੱਤ ਦੂਰ ਹੋਣ ਲਗੀ।

**ਅਨੰਦ ਮਰਯਾਦਾ ਦੀ ਪ੍ਰਾਰੰਭਤਾ 3 ਜੂਨ 1863 ਈਸਵੀ–**

ਸਦੀਆਂ ਤੋਂ ਲਤਾੜੀ ਹੋਈ ਇਸਤਰੀ ਵਰਗ ਸਤਿਗੁਰੂ ਜੀ ਸਮਾਜ ਵਿਚ ਆਦਰਯੋਗ ਸਥਾਨ ਬਖਸ਼ਣਾ ਚਾਹੁੰਦੇ ਸਨ, ਇਸ ਲਈ ਉਹਨਾਂ ਨੇ ਬੀਬੀਆਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਫਿਰ ਅਨੰਦ ਦੀ ਰੀਤੀ ਜਿਸਨੂੰ ਬ੍ਰਾਹਮਣ ਪੰਡਿਤ ਲੋਕ, ਵੇਦ ਰੀਤੀ ਨਾਲ ਨਿਭਾਉਂਦੇ ਸਨ ਨੂੰ ਬੰਦ ਕਰਕੇ ਸਤਿਗੁਰੂ ਜੀ ਨੇ ਗੁਰਮਤਿ ਅਨੁਸਾਰ ਸਿਖ ਸਮਾਜ ਵਿਚ ਪ੍ਰਚਲਤ ਕੀਤੀ। ਜੋ ਅਨੰਦ ਮਰਯਾਦਾ ਦੀ ਰੀਤੀ ਕਹਿਲਾਈ।

ਸਤਿਗੁਰੂ ਜੀ ਨੇ 1863 ਈਸਵੀ ਦਾ ਵਿਸਾਖੀ ਦਾ ਪੁਰਬ ਅੰਮ੍ਰਿਤਸਰ ਮਨਾਇਆ, ਉਥੇ ਹੀ ਉਹਨਾਂ ਨੇ ਮੁਖੀ ਸਿੰਘਾਂ ਨਾਲ ਅਨੰਦ ਮਰਯਾਦਾ ਨੂੰ ਸਿਖ ਸਮਾਜ ਵਿਚ ਆਰੰਭ ਕਰਨ ਲਈ ਵਿਚਾਰ ਕੀਤੀ। ਉਸ ਪੁਰਬ ਤੇ ਬਾਬਾ ਜਵਾਹਰ ਸਿੰਘ, ਪੰਡਿਤ ਨਰੈਣ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਕਾਨ੍ਹ ਸਿੰਘ ਅਤੇ ਬਾਬਾ ਸੁਧ ਸਿੰਘ ਆਦਿਕ ਵੀ ਅੰਮ੍ਰਿਤਸਰ ਪਹੁੰਚੇ ਹੋਏ ਸਨ। ਉਥੋਂ ਵਾਪਿਸ ਆਉਂਦੇ ਸਮੇਂ ਸੰਗਤ ਸਮੇਤ ਜਦੋਂ ਸਤਿਗੁਰੂ ਜੀ ਕਰਤਾਰਪੁਰ ਪਹੁੰਚੇ ਤਾਂ ਜੋਗਾ ਸਿੰਘ ਧੂੜਕੋਟ ਵਾਲੇ ਨੇ ਸਤਿਗੁਰੂ ਜੀ ਅਗੇ ਅਰਜ਼ ਕੀਤੀ ਜੀ ਮੇਰੀ ਲੜਕੀ ਦਾ ਅਨੰਦ ਪੜਾਇ ਦਿਓ ਆਪ ਕੀ ਰੀਤੀ ਅਨੁਸਾਰ। ਸਤਿਗੁਰੂ ਜੀ ਨੇ ਅਰਦਾਸਾ ਕਰ ਦਿਤਾ ਅਤੇ ਅਨੰਦ ਪੜੌਨ ਦਾ ਦਿਨ ਪੱਕਾ ਕਰ ਦਿੱਤਾ।

ਅਨੰਦ ਵਿਆਹ ਦੀ ਮਰਯਾਦਾ ਸ਼ੁਰੂ ਕਰਨ ਲਈ ਸੰਗਤ ਸਮੇਤ ਜੋਗਾ ਸਿੰਘ ਦੇ ਘਰ ਧੂੜਕੋਟ 2 ਜੂਨ 1863 ਈ. ਨੂੰ ਪਹੁੰਚੇ ਅਤੇ ਇਕ ਅਖੰਡ ਪਾਠ ਦਾ ਭੋਗ ਪੁਆਇਆ। ਪਿੰਡ ਵਿਚ ਇਕੋ ਇਕ ਜੋਗਾ ਸਿੰਘ ਦਾ ਘਰ ਹੀ ਨਾਮਧਾਰੀਆਂ ਦਾ ਸੀ, ਜਿਥੇ ਪੰਡਤਾਂ ਜਾਂ ਹੋਰ ਸਨਾਤਨ ਮਰਯਾਦਾ ਦੇ ਧਾਰਨੀਆਂ ਵਲੋਂ ਨਵੀਂ ਸ਼ੁਰੂ ਕੀਤੀ ਮਰਯਾਦਾ ਦਾ ਵਿਰੋਧ ਹੋ ਸਕਦਾ ਸੀ। ਸੋ ਕਾਫੀ ਸੋਚ ਵਿਚਾਰ ਕਰਕੇ ਸਤਿਗੁਰਾਂ ਨੇ ਅਗਲਾ ਦਿਨ 3 ਜੂਨ ਉਸ ਮਰਯਾਦਾ ਨੂੰ ਸ਼ੁਰੂ ਕਰਨ ਲਈ ਪਿੰਡ ਖੋਟੇ ਜ਼ਿਲਾ ਫਿਰੋਜਪੁਰ (ਹੁਣ ਮੋਗਾ) ਨੂੰ ਚੁਣਿਆ ਗਿਆ ਕਿਉਂਕਿ ਉਥੇ ਨਾਮਧਾਰੀਆਂ ਦੇ ਕਾਫੀ ਘਰ ਸਨ ਜੋ ਹਰ ਤਰ੍ਹਾਂ ਦੀ ਬਿਪਤਾ ਨੂੰ ਆਪਣੇ ਅਸਰ ਰਸੂਖ ਨਾਲ ਟਾਲ ਸਕਦੇ ਸਨ।

2 ਜੂਨ ਨੂੰ ਹੀ ਦੂਰ ਦੁਰਾਡੇ ਤੋਂ ਸੰਗਤਾਂ ਪਿੰਡ ਖੋਟੇ ਆਉਣੀਆਂ ਸ਼ੁਰੂ ਹੋ ਗਈਆਂ। ਗੁਰੂ ਕਾ ਲੰਗਰ ਅਤੁਟ ਵਰਤਦਾ ਰਿਹਾ ਸੀ। ਬਾਬਾ ਸਮੁੰਦ ਸਿੰਘ ਖੋਟੇ ਪਿੰਡ ਵਾਲਿਆਂ ਦੀ ਪੁਤਰੀ ਅਤੇ ਪੋਤਰੀ ਦੀ ਨਵੀਂ ਰੀਤੀ ਅਨੁਸਾਰ ਅਨੰਦ ਹੋਣਾ ਸੀ ਅਤੇ ਇਸਦੇ ਨਾਲ ਚਾਰ ਹੋਰ ਸੁਭਾਗੇ ਜੋੜਿਆਂ ਦਾ ਅਨੰਦ ਕਾਰਜ ਹੋਏ ਸਨ। ਕੁਝ ਛੇ ਜੋੜਿਆਂ ਦਾ 3 ਜੂਨ 1863 ਈ. ਨੂੰ ਅਨੰਦ ਹੋਏ ਸਨ ਜੋ ਅੰਤਰਜਾਤੀ ਅਨੰਦ ਵਿਆਹ ਸਨ। 3 ਜੂਨ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਤਿਗੁਰਾਂ ਦੀ ਹਜ਼ੂਰੀ ਵਿਚ ਹੋਇਆ। ਫਿਰ ਅੰਮ੍ਰਿਤ ਤਿਆਰ ਕਰਕੇ ਛੇ ਜੋੜਿਆਂ ਨੂੰ ਛਕਾਇਆ ਅਤੇ ਬਿਨਾਂ ਦਾਜ ਦਹੇਜ ਦੇ, ਬਿਨਾਂ ਕਿਸੇ ਪੰਡਤ ਪ੍ਰੋਹਤ ਦੇ ਸੰਗਤ ਦੀ ਹਾਜ਼ਰੀ ਵਿਚ ਪਹਿਲੀ ਵਾਰ ਹਵਨ ਕਰਕੇ ਗੁਰਮਤਿ ਅਨੁਸਾਰ ਵੇਦੀ ਗੱਡ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਰਾਗ ਸੂਹੀ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਰਚਿਤ ਲਾਵਾਂ ਦਾ ਪਾਠ ਕਰਕੇ, ਅਨੰਦ ਸਾਹਿਬ ਬਾਣੀ ਦਾ ਪਾਠ ਕਰਕੇ ਅਰਦਾਸ ਕੀਤੀ ਗਈ।

**ਸੰਤ ਸੰਤੋਖ ਸਿੰਘ ਰਚਿਤ ਸਤਿਗੁਰੂ ਬਿਲਾਸ ਦੀ ਗਵਾਹੀ :**

*"ਧੂੜਕੋਟ ਸੇ ਸੰਮਤ 1920 ਬਿਕਰਮੀ, ਮਹੀਨਾ ਜੇਠ, ਸ਼ਬਦ ਪੜ੍ਹਦੇ ਖੋਟੀ ਆਇ ਪਹੁੰਚੇ ਸ੍ਰੀ ਸਤਿਗੁਰੂ ਜੀ। ਦੁਨੀਆਂ ਦਰਸ਼ਨ ਕੋ ਆਉਂਦੀ ਹੈ। ਕੈਂਹਦੇ ਹੈਂ ਇਹ ਕੂਕਿਆਂ ਦਾ ਗੁਰੂ ਹੈ। ਅੰਤਰਯਾਮੀ ਅਕਾਲ ਪੁਰਖ ਜੀ ਆਪ ਮਨੁਖਾ ਸਰੀਰ ਧਾਰਿਆ ਹੈ ਇਸ ਸੰਸਾਰ ਕਾ ਉਧਾਰ ਕਰਨੇ ਕੇ ਵਾਸਤੇ।*

*ਛੇ ਅਨੰਦ ਪੜਾਏ। ਏਕ ਅਨੰਦ ਪੜ੍ਹਾਇਆ ਤਰਖਾਨ ਸਿੰਘ ਕੀ ਲੜਕੀ, ਅਰੋੜਿਆਂ ਸਿੰਘਾਂ ਦਾ ਲੜਕਾ। ਦੀਨ ਦਿਆਲ ਜੀ ਬਚਨ ਕੀਤਾ ਪਹਿਲੇ ਮੈਂ ਆਪਣੇ ਘਰ ਸੇ ਰੀਤੀ ਤੋਰੀ ਹੈ, ਸਰਬ ਖਾਲਸੇ ਨੂੰ ਕਰਨੀ ਬਣੇਗੀ। ਕਈਆਂ ਸਿੰਘਾਂ ਨੇ ਅਰਜਾਂ ਕੀਤੀਆਂ ਜੀ ਸਾਡੀਆਂ ਲੜਕੀਆਂ ਕੇ ਅਨੰਦ ਆਪ ਕੇ ਹਜ਼ੂਰ ਪੜੇ ਜਾਵਣ ਤਾਂ ਅਸੀਂ ਪ੍ਰਸੰਨ ਹੈਂ।*

*ਖੋਟੀਂ ਸਾਰੇ ਪਿੰਡ ਮੇਂ ਏਹੀ ਬਾਤਾਂ ਹੋਵਨ ਅਨੰਦ ਕੀਆ ਕਿ ਨਵੀਂ ਰੀਤੀ ਤੋਰੀ ਹੈ ਅਤੇ ਬ੍ਰਾਹਮਣਾਂ ਕੋ ਮੰਨਣਾ ਭੀ ਛੋਡ ਦੀਆ ਹੈ। ਦੇਖੋ ਕੈਸਾ ਅਚਰਜ ਪੰਥ ਪੈਦਾ ਹੋਇਆ ਹੈ। ਅਗੇ ਚਾਰ ਜੁਗਾਂ ਮੈਂ ਬੇਦਾਂ ਕੋ ਮੰਨਦੇ ਆਏ ਹੈਂ ਏਸ ਗੁਰੂ ਨੇ ਨਿਆਰਾ ਹੀ ਪੰਥ ਤੋਰਿਆ ਹੈ।"*

ਇਹ ਨਵੀਂ ਮਰਯਾਦਾ ਦੀ ਪ੍ਰਾਰੰਭਤਾ ਹਾੜ ਵਦੀ ਦੂਜ, ਸੰਮਤ 1920 ਬਿ. 3 ਜੂਨ 1863 ਈਸਵੀ ਨੂੰ ਹੋਈ ਸੀ।

ਹੁਣ ਪਿੰਡ ਖੋਟੇ ਦੇ ਬ੍ਰਾਹਮਣਾਂ ਨੇ ਜਦੋਂ ਕੋਈ ਚਾਰਾ ਚਲਦਾ ਨਾ ਦੇਖਿਆ ਤਾਂ ਉਹਨਾਂ ਨੇ ਇਕਠੇ ਹੋ ਕੇ ਸਤਿਗੁਰਾਂ ਅਤੇ ਨਾਮਧਾਰੀਆਂ ਦੇ ਖਿਲਾਫ ਸਰਕਾਰ ਕੋਲ ਅਰਜ਼ੀ ਪਾਈ ਕਿ ਨਾਮਧਾਰੀਆਂ ਨੇ ਸਾਡੀ ਰੋਟੀ ਰੋਜੀ ਖੋਹ ਲਈ ਹੈ। ਫਰੰਗੀ ਸਰਕਾਰ ਨੇ ਸਤਿਗੁਰੂ ਜੀ ਨੂੰ ਬਾਘੇ ਪੁਰਾਣੇ ਦੇ ਥਾਣੇ ਬੁਲਾਇਆ ਤਾਂ ਸਤਿਗੁਰੂ ਜੀ ਥਾਣੇ ਵਿਚ ਗਏ। ਸਤਿਗੁਰੂ ਬਿਲਾਸ (ਪਹਿਲਾ ਹਿੱਸਾ) ਵਿਚ **ਸੰਤ ਸੰਤੋਖ ਸਿੰਘ** ਜੀ ਲਿਖਦੇ ਹਨ :

*"ਸ੍ਰੀ ਸਤਿਗੁਰੂ ਜੀ ਤੁਰ ਪਏ। ਅਤੇ ਮੈਂ ਜੋਗਾ ਸਿੰਘ ਨੂੰ ਕਹਾ ਕਿ ਤੂੰ ਕਹਿਣਾ ਕਿ ਮੈਂ ਸੱਦੇ ਹੈਂ। ਖੋਟਿਆਂ ਵਾਲੇ ਕੋ ਕਹਾ ਕਿ ਤੂੰ ਕਹਿ ਦੇਵੀਂ ਕਿ ਜੋਗਾ ਸਿੰਘ ਕੋ ਦੇਖ ਕੇ ਮੈਂ ਬੀ ਅਨੰਦ ਪੜਾਇਆ ਹੈ। ਬਾਘੇ ਪੁਰਾਣੇ ਵਾਲੇ ਫਰੰਗੀ ਨੇ ਜੋਗਾ ਸਿੰਘ ਕੋ ਕਹਾ ਕਿ ਤੁਸੀਂ ਏਨਾਂ (ਸਤਿਗੁਰਾਂ) ਨੂੰ ਮੰਨੋ ਅਤੇ ਬ੍ਰਾਹਮਣਾ ਨੂੰ ਵੀ ਕੁਝ ਦੇਵੋ। ਜੋਗਾ ਸਿੰਘ ਨੇ ਕਹਾ ਕਿ ਪਾਂਚ ਘੁਮਾਂ ਮੇਰੀ ਜ਼ਮੀਨ ਹੈ ਉਸਕਾ ਤੁਸੀਂ ਮਾਮਲਾ ਛੱਡ ਦਿਓ ਤਾਂ ਮੈਂ ਬ੍ਰਾਹਮਣਾਂ ਨੂੰ ਦੇਂਦਾ ਹਾਂ। ਫਰੰਗੀ ਨੇ ਕਹਾ ਅੱਛਾ ਮੈਂ ਖਾਣਾ ਖਾ ਆਵਾਂ। ਵਾਪਿਸ ਆਇ ਕੇ ਫਰੰਗੀ ਨੇ ਬ੍ਰਾਹਮਣਾ ਕੋ ਕਹਾ*



*ਕਿ ਲਿਆਓ ਵਹੀ ਜੇਹੜੀ ਪਰ ਤੁਮ੍ਹਾਰਾ ਲੈਣਾ ਲਿਖਾ ਹੈ। ਬ੍ਰਾਹਮਣ ਬੋਲੇ ਵਹੀ ਤਾਂ ਨਹੀਂ ਹੈ, ਸਾਡਾ ਤਾਂ ਪੁੰਨ ਹੀ ਹੈ। ਉਸੀ ਵਕਤ ਫਰੰਗੀ ਨੇ ਕਹਾ ਪੁੰਨ ਅਦਾਲਤ ਮੇਂ ਨਹੀਂ ਲਿਖਾ ਹੈ। ਕੋਈ ਪਾਂਚ ਸੋ ਲਵੇ ਕੋਈ ਨਾ ਲਵੇ। ਕੋਈ ਅਨੰਦ ਪੜਾਏ ਕੋਈ ਵਿਆਹ ਕਰੇ, ਚਾਹੇ ਆਪਣੀ ਮਰਜ਼ੀ ਸੇ ਕੁਛ ਕਰੇ ਕੁਛ ਨਾ ਕਰੇ। ਉਸੀ ਵਕਤ ਬ੍ਰਾਹਮਣਾਂ ਕੋ ਕਹਾ ਕਿ ਜਾਓ ਅਰਜੀ ਖਾਰਜ। ਜੋਗਾ ਸਿੰਘ ਨੇ ਕਹਾ ਕਿ ਸਾਡੀ ਅਦਾਲਤ ਨਹੀਂ ਹੋਈ ਹੈ। ਅਜ ਤਾਂ ਏਨ੍ਹਾਂ ਅਰਜ਼ੀ ਪਾਈ ਹੈ। ਖਾਲਸੇ ਕੀ ਰੀਤੀ ਅਨੰਦ ਕੀ ਹੈ ਕਿਉਂਕਿ ਖਾਲਸਾ ਜੋ ਤੀਸਰਾ ਪੰਥ ਹੈ ਸੋ ਨਿਆਰਾ ਹੀ ਹੈ। ਕਲ ਕੋ ਸਾਡੇ ਗਲੇ ਕੋਈ ਬ੍ਰਾਹਮਣ ਪੈਕੇ ਮਰ ਜਾਵੇਗਾ ਫੇਰ ਸਰਕਾਰ ਸਾਡੇ ਨਾਓਂ ਲਾਵੇਗੀ। ਫੇਰ ਸਾਨੂੰ ਨਾ ਕਹੇ ਸਰਕਾਰ। ਉਸੀ ਵਕਤ ਫਰੰਗੀ ਨੇ ਲਿਖ ਲੀਆ ਜੋ ਕੁਝ ਜੋਗਾ ਸਿੰਘ ਨੇ ਕਹਾ ਸੀ। ਕੰਮ ਫੜ੍ਹੇ ਹੋ ਗਿਆ। ਫਰੰਗੀ ਨੇ ਹੱਥ ਜੋੜ ਕੇ ਕਹਾ ਬਾਬਾ ਸਾਹਿਬ ਜੀ ਆਪ ਘਰ ਕੋ ਚਲੇ ਜਾਓ। ਰੌਲਾ ਬਹੁਤ ਪੈ ਗਿਆ ਹੈ। ਮੈਨੂੰ ਨਮੋਸ਼ੀ ਆਉਂਦੀ ਹੈ। ਫਰੰਗੀ ਨੇ ਥਾਣੇਦਾਰ ਕੋ ਕਹਾ ਕਿ ਬਾਬਾ ਸਾਹਿਬ ਕੋ ਭੈਣੀ ਛੋਡ ਆਓ। ਸਤਿਗੁਰੂ ਜੀ ਨੂੰ ਥਾਣੋਂ ਥਾਣੀ ਭੈਣੀ ਸਾਹਿਬ ਪਹੁੰਚਾਇ ਦੀਆ।"*

**ਗਿਆਨੀ ਗਿਆਨ ਸਿੰਘ ਦੀ ਗਵਾਹੀ :**

ਸ਼੍ਰੋਮਣੀ ਸੰਤ ਗਿਆਨੀ ਗਿਆਨ ਸਿੰਘ ਪ੍ਰਸਿੱਧ ਨਿਰਮਲੇ ਵਿਦਵਾਨ ਸੰਤ ਸਨ ਜੋ ਆਪਣੇ ਸਮੇਂ ਦੇ ਸੁਘੜ ਕਵੀ ਅਤੇ ਵਿਦਵਾਨ ਇਤਿਹਾਸਕਾਰ ਸਨ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਅਤੇ ਸਤਿਗੁਰਾਂ ਦੀ ਹਾਜ਼ਰੀ ਵਿਚ ਉਹ ਸ੍ਰੀ ਭੈਣੀ ਸਾਹਿਬ ਵਿਖੇ ਨਾਨਕ ਪ੍ਰਕਾਸ਼ ਗਰੰਥ ਦੀ ਕਥਾ ਕੁਝ ਸਮਾਂ ਕਰਦੇ ਰਹੇ ਸਨ। ਉਹਨਾਂ ਨੇ ਨਾਮਧਾਰੀ ਇਤਿਹਾਸ ਨੂੰ ਆਪਣੀਆਂ ਅੱਖਾਂ ਨਾਲ ਵਾਪਰਦਾ ਦੇਖਿਆ ਸੀ। ਉਹ "ਭੂਪਿੰਦਰਾ ਨੰਦ" ਗਰੰਥ ਵਿਚ ਅਨੰਦ ਮਰਯਾਦਾ ਬਾਰੇ ਲਿਖਦੇ ਹਨ ਕਿ ਸਿਖ ਪੰਥ ਵਿਚ ਸਭ ਤੋਂ ਪਹਿਲਾਂ ਨਾਮਧਾਰੀਆਂ ਨੇ ਅਨੰਦ ਵਿਆਹ ਮਰਯਾਦਾ ਨੂੰ ਸ਼ੁਰੂ ਕੀਤਾ ਫਿਰ ਜਿਸਨੂੰ ਦੇਖ ਕੇ ਹੋਰ ਸਿੱਖ ਵੀ ਐਸਾ ਕਰਨ ਲਗੇ। ਪ੍ਰਤੂੰ ਬ੍ਰਾਹਮਣ ਲੋਕ ਆਪਣੀ ਰੋਟੀ ਰੋਜ਼ੀ ਖੁਸਦੀ ਦੇਖ ਕੇ ਤਿਲਮਿਲਾ ਉਠੇ। ਉਹਨਾਂ ਨੇ ਸਰਕਾਰੇ ਦਰਬਾਰੇ ਨਾਮਧਾਰੀਆਂ ਖਿਲਾਫ ਅਰਜ਼ੀਆਂ ਪਾਕੇ ਡਿਗਰੀਆਂ ਹਾਸਿਲ ਕਰਕੇ ਸਿਖਾਂ ਤੋਂ ਬ੍ਰਾਹਮਣਾਂ ਨੇ ਮਾਇਆ ਪ੍ਰਾਪਤ ਕੀਤੀ ਸੀ। ਸ੍ਰੀ "ਭੂਪਿੰਦਰਾ ਨੰਦ" ਗਰੰਥ ਦੀ ਲਿਖਤ ਦੇ ਦਰਸ਼ਨ ਕਰੋ :

*ਚੌਪਈ*

*ਸ੍ਰੀ ਰਾਮ ਸਿੰਘ ਕੂਕੇ ਪਹਿਲੇ।। ਅਨੰਦ ਸੁਛੰਦ ਪੜਾਏ ਸਹਿਲੇ।।*
*ਉਨਕੋ ਦੇਖ ਔਰ ਸਿਖ ਘਨੇਂ।। ਲਗੇ ਅਨੰਦ ਪਢਾਵਨ ਤਨੇਂ।।*
*ਹਾਸਿਦ ਜ਼ਿੱਦੀ ਲੋਗਨ ਤਬੈ।। ਚਰਚਾ ਦਈ ਚਲਾਇ ਕੁਢਬੈ।।*
*ਪੰਮਯੋਂ ਨਕੰਮਯੋ ਆਨ ਅਨੇਕੈ।। ਮੁਢਪਨਾਂ ਕੀਨੋਂ ਅਬਿਬੇਕੈ।।*
*ਜਿਨ ਜਿਨ ਸਿੱਖਨ ਅਨੰਦ ਪੜ੍ਹਾਏ।। ਦਾਵੇ ਉਨ ਪਰ ਕਰਬਹੁ ਭਾਏ।।*
*ਹੱਕ ਪ੍ਰੋਹਿਤੀ ਕਰਕੈ ਸਾਬਤ।। ਲਈ ਡਿਗ੍ਰੀਆਂ ਕਰਵਾ ਭਾਵਤ।।*
*ਜਜਮਾਨੋਂ ਕੀ ਕੁਰਕੀ ਕਰਾਹੈ।। ਲਯੋ ਸਿਖਨ ਤੇ ਧਨ ਉਗਰਾਹੈ।।*
*ਦੇਖਹੁ ਸਬ ਜਨ ਮਨ ਬੀਚਾਰੀ।। ਹੈ ਅਨੀਤਿ ਯਹਿ ਕੈਸੀ ਭਾਰੀ।।*
*ਨੀਤਿ ਅਨੀਤਿ ਨ ਹਾਕਮ ਧਾਰੀ।। ਵਿਪ੍ਰਨ ਤੇ ਲੈ ਰਿਸ਼ਵਤ ਭਾਰੀ।।*
*ਦਏ ਰੁਪਏ ਦਿਵਾ ਬਿਪ੍ਰਨ ਕੋ।। ਸ਼ਰਮ ਨ ਆਈ ਲੇਤ ਛਿਪ੍ਰਨ ਕੋ।।*
*ਪੂਤ ਕਿਸੀ ਕਾ ਬੇਟੀ ਕਾਹੂੰ।। ਪਾਲਪੋਸ ਬਡ ਕੀਨੇ ਵਾਹੂੰ।।*
*ਬਯਾਹਿ ਦਏ ਨਿਜਮਤ ਅਨੁਸਾਰੇ।। ਨਿਜਘਰ ਤੈ ਧਨ ਖਰਚ ਅਪਾਰੇ।।*
*ਬਿਪ੍ਰੋਂ ਕੇ ਪਲਯੋਂ ਕਯਾ ਗਯੋ।। ਨਾਹਕ ਜਿਨ ਦਾਵਾ ਕਰ ਦਯੋ।।*
*ਇਹ ਅਨੀਤਿ ਪਿਖ ਖੋਟੀ ਭਾਰੀ।। ਸੋ ਪ੍ਰਮੇਸੂਰ ਯਾ ਬਿਧਿਟਾਰੀ।।*

**ਐਮ. ਐਮ. ਆਹਲੂਵਾਲੀਆ ਦੀ ਗਵਾਹੀ :**

ਪ੍ਰਸਿੱਧ ਇਤਿਹਾਸਕਾਰ ਐਮ. ਐਮ. ਆਹਲੂਵਾਲੀਆ 1965 ਈ. ਵਿਚ ਪ੍ਰਕਾਸ਼ਕ ਪੁਸਤਕ Kukas the Freedom Fighter of the Punjab ਵਿਚ "ਸਤਿਗੁਰੂ ਬਿਲਾਸ" ਗਰੰਥ ਦੇ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਲਿਖਦੇ ਹਨ :

"Guru Ram Singh launched his programme of Anand Marriages in the first week of June 1863 in the village of Khote where a large number of Namdhari disciples collected under the inspiration of the Guru. The daughter and grand daughter of Summund Singh was married in the simple forms. the daughter of a carpenter was married in the family of the Arora caste so that the caste feeling may be eschewed. People felt greatly interested to see the performance of such marriages by the Guru. But the Brahmans who had been acting as the priests of village families for a long time raised a powerful cry of protest.

**ਡਾਕਟਰ ਫੌਜਾ ਸਿੰਘ ਬਾਜਵਾ ਦੀ ਗਵਾਹੀ :**

ਡਾਕਟਰ ਫੌਜਾ ਸਿੰਘ ਆਪਣੀ ਪੁਸਤਕ Kuka Movement ਦੇ ਸਫਾ 30 ਤੇ ਜੋ 1965 ਈਸਵੀ ਵਿਚ ਪ੍ਰਕਾਸ਼ਤ ਹੋਈ ਸੀ, ਬਹੁਤ ਵਿਦਵਤਾ ਪੂਰਬਕ ਇਸ ਪ੍ਰਕਾਰ ਲਿਖਦੇ ਹਨ :

*"An Anand Marriage was performed at the nominal cost of a few rupees. It was readily acceptable to the poor villagers who constituted the bulk of his followers. This was new practice was first introduced at the village khote in the first week of khote of June 1863......"*

**ਭਾਈ ਨਾਹਰ ਸਿੰਘ ਦੀ ਗਵਾਹੀ :**

ਭਾਈ ਨਾਹਰ ਸਿੰਘ ਐਮ. ਏ. ਨੇ 1955 ਈ. ਵਿਚ ਨਾਮਧਾਰੀ ਇਤਿਹਾਸ (ਪਹਿਲਾ ਹਿਸਾ) ਪ੍ਰਕਾਸ਼ਤ ਕਰਵਾਇਆ ਜਿਸ ਵਿਚ ਉਹ ਅਨੰਦ ਮਰਯਾਦਾ ਬਾਰੇ ਇਸ ਪ੍ਰਕਾਰ ਲਿਖਦੇ ਹਨ :

*"...ਕੋਈ ਇਕ ਮਹੀਨੇ ਪਿਛੋਂ ਆਪ ਹਰੀ ਕੇ ਪੱਤਣ ਤੋਂ ਲੰਘ ਕੇ ਫੀਰੋਜ਼ਪੁਰ ਦੇ ਜ਼ਿਲੇ ਵਿਚ ਪਹੁੰਚ ਗਏ। ਇਲਾਕੇ ਵਿਚ ਪੰਦਰਾਂ ਸੋਲ੍ਹਾਂ ਦਿਨ ਪ੍ਰਚਾਰ ਕਰਕੇ ਆਪ ਜੇਠ ਸੁਦੀ 10 ਸੰਮਤ 1920 ਬਿਕਰਮੀ ਮੁਤਾਬਿਕ 2 ਜੂਨ 1863 ਖੋਟੇ ਪਿੰਡ ਪਹੁੰਚੇ। ਏਥੋਂ ਪਹਿਲਾਂ ਤੋਂ ਹੀ ਦਿਵਾਨ ਮਿਥਿਆ ਹੋਵਣ ਦੇ ਕਾਰਨ ਅਤੇ ਵਿਆਹ ਲਈ ਅਨੰਦ ਕਾਰਜ ਦੀ ਰਸਮ ਨੂੰ ਸ਼ੁਰੂ ਹੁੰਦੀ ਵੇਖਣ ਲਈ ਨਾਮਧਾਰੀ ਸਿੰਘ ਅਤੇ ਇਰਦ ਗਿਰਦ ਦੇ ਲੋਕੀ ਚੰਗੀ ਗਿਣਤੀ ਵਿਚ ਪਹੁੰਚੇ ਹੋਏ ਸਨ।*

*ਬਾਬੇ ਸਮੁੰਦ ਸਿੰਘ ਦੀ ਲੜਕੀ ਤੇ ਪੋਤਰੀ ਦੇ ਅਨੰਦ ਕਾਰਜਾਂ ਤੋਂ ਬਗੈਰ 4 ਹੋਰ ਅਨੰਦ ਕਾਰਜ ਜਾਤਪਾਤ ਦੇ ਬੰਦਨ ਤੋੜਦੇ ਹੋਏ। ਇਕ ਤਰਖਾਣ ਦੀ ਲੜਕੀ ਦਾ ਅਨੰਦ ਰੋੜਿਆਂ ਦੇ ਲੜਕੇ ਨਾਲ ਹੋਇਆ। ਇਸ ਨਵੀਂ ਮਰਯਾਦਾ ਨੂੰ ਵੇਖ ਕੇ ਲੋਕੀਂ ਹੈਰਾਨ ਹੋ ਗਏ।"*

**ਪ੍ਰੋਫੈਸਰ ਜਸਵੰਤ ਸਿੰਘ ਜੱਸ ਦੀ ਗਵਾਹੀ :**

ਪ੍ਰੋਫੈਸਰ ਜਸਵੰਤ ਸਿੰਘ ਜੱਸ ਨੇ 1959 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਬਾਰੇ ਵਿਸਥਾਰ ਪੂਰਵਕ ਪੁਸਤਕ ਦੀ ਰਚਨਾ ਕੀਤੀ ਜਿਸ ਵਿਚ ਉਹ 1863 ਈ. ਵਿਚ ਸ਼ੁਰੂ ਕੀਤੀ ਗਈ ਨਵੀਂ ਅਨੰਦ ਮਰਯਾਦਾ ਬਾਰੇ ਇਸ ਪ੍ਰਕਾਰ ਲਿਖਦੇ ਹਨ :

*"....ਉਪਰੋਕਤ ਦਸੀ ਗਈ ਨਾਮਧਾਰੀ ਅਨੰਦ ਮਰਯਾਦਾ ਦਾ ਮੁਢ ਬਾਬਾ ਰਾਮ ਸਿੰਘ ਜੀ ਨੇ 4 ਜੂਨ 1863 ਵਿਚ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਵਿਚ ਬੱਧਾ। ਵਿਸਾਖੀ ਦੇ ਮੌਕੇ ਤੇ ਸ੍ਰੀ ਅੰਮ੍ਰਿਤਸਰ, ਦੂਰ ਨੇੜੇ ਤੋਂ ਬਹੁਤ ਸਾਰੀ ਨਾਮਧਾਰੀ ਸੰਗਤ ਇਕਠੀ ਹੋਈ ਸੀ। ਬਾਬਾ ਜੀ ਨੇ ਪ੍ਰੇਰਨਾ ਕੀਤੀ ਕਿ ਉਹ ਆਪਣੇ ਬੱਚੇ ਬੱਚੀਆਂ ਦੇ ਅਨੰਦ ਕਾਰਜ ਪੂਰਨ ਮਰਯਾਦਾ ਅਨੁਸਾਰ ਕਰਿਆ ਕਰਨ। ਇਸ ਕੰਮ ਨੂੰ ਸ਼ੁਰੂ ਕਰਨ ਲਈ ਬਾਬਾ ਜੀ ਨੇ ਸਰਬਤ ਸੰਗਤ ਦੀ ਸਲਾਹ ਨਾਲ ਪਿੰਡ ਖੋਟੇ ਵਿਚ ਭਾਰੀ ਇਕਠ ਕੀਤਾ। ਆਪ ਆਪਣੇ ਜਥੇ ਸਮੇਤ 2 ਜੂਨ 1863 ਈ. ਨੂੰ ਪਿੰਡ ਖੋਟੇ ਪਹੁੰਚ ਗਏ। ਬਾਬਾ ਸਮੁੰਦ ਸਿੰਘ ਦੀ ਲੜਕੀ ਤੇ ਪੋਤਰੀ ਦੇ ਅਨੰਦ ਕਾਰਜਾਂ ਤੋਂ ਬਿਨਾਂ, ਚਾਰ ਹੋਰ ਬੀਬੀਆਂ ਦੇ ਅਨੰਦ ਕਾਰਜ ਜਾਤ ਪਾਤ ਦੇ ਬੰਧਨ ਤੋੜ ਕੇ ਨਵੀਨ ਮਰਯਾਦਾ ਅਨੁਸਾਰ ਕਰਵਾਏ।"*

**ਪਿੰਡ ਖੋਟੇ ਵਿਚ ਛੇ ਵਿਵਾਹਤ ਜੋੜਿਆਂ ਦਾ ਵੇਰਵਾ :**

ਪਿੰਡ ਖੋਟੇ ਜੋ ਛੇ ਬੀਬੀਆਂ ਦੇ ਅਨੰਦ ਮਰਯਾਦਾ ਅਨੁਸਾਰ ਵਿਆਹ ਹੋਏ ਉਹਨਾਂ ਦਾ ਵੇਰਵਾ ਪ੍ਰੀਤਮ ਸਿੰਘ ਕਵੀ ਜੀ ਇਸ ਪ੍ਰਕਾਰ ਲਿਖਦੇ ਹਨ :

1. ਭਾਈ ਜੋਗਾ ਸਿੰਘ ਧੂੜਕੋਟ (ਜ਼ਿਲਾ ਫਿਰੋਜਪੋਰ) ਦੀ ਪੁਤਰੀ ਬੀਬੀ ਬਿਸ਼ਨ ਕੌਰ ਦਾ। ਮੁਠਡਿਆਂ (ਜ਼ਿਲਾ ਜਲੰਧਰ) ਦੇ ਭਾਈ ਫਤਹ ਸਿੰਘ ਦੇ ਸਪੁਤਰ ਸ੍ਰੀ ਬੀਰ ਸਿੰਘ ਨਾਲ ਵਿਆਹੀ।
2. ਸੂਬਾ, ਬਾਬਾ ਸਮੁੰਦ ਸਿੰਘ ਪਿੰਡ ਖੋਟੇ (ਜ਼ਿਲਾ ਫਿਰੋਜਪੁਰ) ਦੀ ਪੁਤਰੀ ਪਿੰਡ ਠਰੀ ਵਿਖੇ ਵਿਆਹੀ।

**(ਬਾਕੀ ਸਫਾ 7 'ਤੇ)**

# ਗੁਰਮਤਿ ਵਿਚ ਅਨੰਦ ਕਾਰਜ ...(ਬਾਕੀ ਸਫਾ 6 ਦੀ)

3. ਭਾਈ ਬੁੱਧ ਸਿੰਘ ਦੀ ਪੁੱਤਰੀ ਪ੍ਰੇਮ ਕੌਰ ਧੁਲੇਤੇ ਪਿੰਡ (ਜ਼ਿਲਾ ਜਲੰਧਰ) ਵਿਚ ਵਿਆਹੀ।
4. ਸੰਤ ਫਤਹਿ ਸਿੰਘ ਦੀ ਪੁੱਤਰੀ ਦੇਸ ਕੌਰ ਨਿਹਾਲੇ ਵਾਲਾ (ਜ਼ਿਲਾ ਫਿਰੋਜਪੁਰ) ਵਿਆਹੀ।
5. ਸੰਤ ਕਾਲਾ ਸਿੰਘ ਦੀ ਪੁੱਤਰੀ ਪਿੰਡ ਦੌਧਰ (ਜ਼ਿਲਾ ਫਿਰੋਜਪੁਰ) ਵਿਆਹੀ।
6. ਭਾਈ ਸੁੰਦਰ ਸਿੰਘ ਦੀ ਪੁੱਤਰੀ ਪਿੰਡ ਉਥੋਕੇ (ਜ਼ਿਲਾ ਅੰਮ੍ਰਿਤਸਰ) ਵਿਚ ਵਿਆਹੀ ਗਈ।

**ਅਨੰਦ ਵਿਆਹ ਐਕਟ ਬਣਾਉਣ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਯੋਗਦਾਨ :**

1908 ਈ. ਵਿਚ ਕਿਸੇ ਹਿੰਦੂ ਵਕੀਲ ਨੇ ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਨਾਭਾ ਨੂੰ ਵੰਗਾਰ ਪਾਈ ਕਿ ਤੁਹਾਡਾ ਤਾਂ ਸਿਖ ਵਾਲਾ ਵਜੂਦ ਹੀ ਨਹੀਂ ਹੈ ਕਿਉਂਕਿ ਤੁਹਾਡੇ ਹਿੰਦੂ ਮੈਰਿਜ ਐਕਟ ਅਨੁਸਾਰ ਹੀ ਪ੍ਰਵਾਨ ਹੁੰਦੇ ਹਨ। ਤੁਹਾਡਾ ਕੋਈ ਸਿਖਾਂ ਦਾ ਮੈਰਿਜ ਐਕਟ ਹੀ ਨਹੀਂ ਹੈ। ਵਕੀਲ ਦੀ ਉਸ ਵੰਗਾਰ ਤੇ ਦੋਵੇਂ ਰਿਆਸਤੀ ਮਹਾਰਾਜੇ ਸੋਚਣ ਲਈ ਮਜ਼ਬੂਰ ਹੋ ਗਏ। ਮਹਾਰਾਜਾ ਨਾਭਾ ਨੇ ਅੰਗਰੇਜ਼ੀ ਸਰਕਾਰ ਨੂੰ ਅਨੰਦ ਵਿਆਹ ਬਿਲ ਬਣਾਉਣ ਲਈ ਪ੍ਰੇਰਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਚੌਪਈ

*ਜਬ ਸਿਖਨ ਪਰ ਉਕਤ ਅਨੀਤੀ।।*
*ਲਗੀ ਵਰਤਨੇਂ ਦਾਯਕ ਭੀਤੀ।।*
*ਗਵਰਮਿੰਟ ਅੰਗ੍ਰੇਜ਼ੀ ਤਾਂਈ।।*
*ਦਯੋ ਪ੍ਰੇਰ ਨ ਦੇਰ ਲਗਾਈ।।*
*ਉਸ ਹੀ ਸਮੇਂ ਨਾਭੇਸ਼ੁਰ।।*
*ਮਹਾਰਾਜ ਰਿਪੁਦਮਨ ਮ੍ਰਿਗੇਸ਼ੁਰ।।*
*ਪ੍ਰੇਰ ਕਰਯੋ ਅਰਕੌਂਸਲ ਮੇ ਹੈ।।*
*ਕਾਨੂੰਨੀ ਕਲਕਤੇ ਜੋ ਹੈ।।*
*ਮੈਂਬਰ ਹੋਇ ਤਾਂਹਿ ਮੈ ਆਲੇ।।*
*ਪਬਲਿਕ ਹੇ ਹਕ ਮਾਂਹਿ ਬਿਸਾਲੇ।।*
*ਰੈਜੂਲੇਸ਼ਨ ਪਾਸ ਕਰਾਏ।।*
*ਜੱਤੇ ਪਰਜਾ ਅਤਿ ਸੁਖ ਪਾਏ।।*

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਜਦੋਂ ਪਟਿਆਲਾ ਅਤੇ ਨਾਭਾ ਰਿਆਸਤਾਂ ਦੇ ਮਹਾਰਾਜਿਆਂ ਨੇ ਅਨੰਦ ਵਿਆਹ ਬਿਲ ਦੀ ਗਲ ਚਲਾਈ ਤਾਂ ਸਰਕਾਰ ਨੇ ਇਤਿਹਾਸ ਵਿਚੋਂ ਇਸ ਬਾਰੇ ਇਤਿਹਾਸਕ ਸਬੂਤ ਮੰਗੇ। ਪ੍ਰੰਤੂ ਨਾਮਧਾਰੀਆਂ ਤੋਂ ਬਿਨਾਂ ਕਿਸੇ ਕੋਲ ਵੀ ਇਤਿਹਾਸਕ ਸਬੂਤ ਨਹੀਂ ਸਨ। ਇਸ ਗਲ ਨੂੰ ਨਾਭੇ ਦਾ ਮਹਾਰਾਜਾ ਜਾਣਦਾ ਸੀ ਇਸ ਲਈ ਉਸਨੇ ਚੀਫ ਜਸਟਿਸ ਸਰਦਾਰ ਬਚਨ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਭੇਜਿਆ। ਉਧਰ ਮਹਾਰਾਜਾ ਪਟਿਆਲਾ ਨੇ ਵੀ ਆਪਣੇ ਵਿਦਿਆ ਗੁਰੂ ਸੰਤ ਜਵਾਲਾ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਦੀ ਬੇਨਤੀ ਤੇ ਆਪਣੇ ਦਸਤਖਤਾਂ ਨਾਲ ਹੇਠ ਲਿਖੀ ਲਿਖਤ ਲਿਖਕੇ ਉਹਨਾਂ ਨੂੰ ਦਿਤੀ ਅਤੇ ਵਾਇਸਰਾਇ ਹਿੰਦ ਨੂੰ ਤਾਰ ਰਾਹੀਂ ਨਾਮਧਾਰੀ ਪੰਥ ਦੀ ਇਸ ਪੱਖ ਵਾਲੀ ਇਤਿਹਾਸਕਤਾ ਬਾਰੇ ਜਾਣੂ ਕਰਵਾਇਆ ਗਿਆ :

**"ਸਾਡੇ ਕੁਲ ਪੰਥ ਵਿਚ ਪ੍ਰਾਚੀਨ ਸਮਿਆਂ ਤੋਂ ਨਿਰੋਲ ਅਨੰਦ ਦੀ ਮਰਯਾਦਾ ਚਲੀ ਔਂਦੀ ਹੈ। ਕੋਈ ਨਾਮਧਾਰੀ ਸਿੰਘ ਅਨੰਦ ਦੀ ਮਰਯਾਦਾ ਤੋਂ ਛੁੱਟ ਹੋਰ ਕੋਈ ਮਰਯਾਦਾ ਨਹੀਂ ਕਰ ਸਕਦਾ। ਜੇਕਰ ਉਹ ਨਾਮਧਾਰੀ ਸਿੰਘ ਨਹੀਂ ਰਹਿ ਸਕਦਾ। ਇਸ ਵਾਸਤੇ ਸਰਕਾਰ ਹਿੰਦ ਪਾਸ ਅਸੀਂ ਆਪਣੀ ਅਤੇ ਸਾਰੇ ਨਾਮਧਾਰੀ ਪੰਥ ਵਲੋਂ ਪ੍ਰਾਰਥਨਾ ਕਰਦੇ ਹਾਂ ਕਿ ਸ੍ਰੀ ਹਜ਼ੂਰ ਟਿੱਕਾ ਸਾਹਿਬ ਨਾਭਾ ਦੀ ਪੇਸ਼ ਕੀਤੀ ਹੋਈ ਅਨੰਦ ਦੀ ਮਰਯਾਦਾ ਨੂੰ ਸਰਕਾਰੀ ਕਾਨੂੰਨੀ ਤੌਰ ਤੇ ਪਾਸ ਕਰਕੇ ਸਾਡੇ ਪੰਥ ਨੂੰ ਧੰਨਵਾਦੀ ਕਰੇ। ਅਸੀਂ ਇਹ ਤਜ਼ਵੀਜ਼ ਵੀ ਪੇਸ਼ ਕਰਦੇ ਹਾਂ ਕਿ ਇਸ ਕਾਨੂਨ ਦਾ ਨਾਓਂ ਸਿਖ ਮੈਰਿਜ ਐਕਟ ਰਖਿਆ ਜਾਵੇ।**

**ਭੈਣੀ ਸਾਹਿਬ, ਜ਼ਿਲਾ ਲੁਧਿਆਣਾ**
**ਤਰੀਕ 13-12-1908**

**ਸਹੀ**
**(ਸਤਿਗੁਰੂ) ਪ੍ਰਤਾਪ ਸਿੰਘ**

**ਅਨੰਦ ਵਿਸਤਾਰ :**

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਗਈ ਗੁਰਮਤਿ ਅਨੁਸਾਰ ਅਨੰਦ ਵਿਆਹ ਦੀ ਮਰਯਾਦਾ ਨੂੰ ਸਮੁਚੀ ਲੋਕਾਈ ਨੇ ਪ੍ਰਵਾਨ ਕੀਤਾ। ਪ੍ਰਵਾਨ ਹੀ ਨਹੀਂ ਕੀਤਾ ਸਾਮੂਹਿਕ ਵਿਆਹ, ਬਿਨਾਂ ਦਾਜ ਦਹੇਜ ਤੋਂ ਵਿਆਹ, ਬਿਨਾਂ ਕਿਸੇ ਪੰਡਤਾਂ ਦੇ ਅਡੰਬਰਾਂ ਦੇ ਤੋਂ ਰਹਿਤ ਵਿਆਹਾਂ ਨੂੰ ਸਮੁਚੇ ਸਿੱਖ ਜਗਤ ਨੇ ਅਮਲੀ ਜਾਮਾ ਪਹਿਨਾਇਆ। ਕਈ ਨਾਮਧਾਰੀ ਬਜ਼ੁਰਗਾਂ ਨੇ ਉਸ ਮਰਯਾਦਾ ਨੂੰ ਅਪਣਾਇਆ ਅਤੇ ਆਪਣੇ ਅਨੰਦ ਇਹੋ ਮਰਯਾਦਾ ਅਨੁਸਾਰ ਮੁੜ ਪੜਵਾਏ। ਸੰਤ ਲਾਲ ਸਿੰਘ ਪਿੰਡ ਗੁਮਟੀ (ਰਿਆਸਤ ਸੰਗਰੂਰ) ਅਤੇ ਉਹਨਾਂ ਦੀ ਪਤਨੀ ਮਾਈ ਪ੍ਰਤਾਪ ਕੌਰ ਜੋ ਉਸ ਸਮੇਂ 60 ਸਾਲ ਦੀ ਉਮਰ ਦੇ ਸਨ, ਉਹਨਾਂ ਨੇ ਅਨੰਦ ਕਾਰਜਾਂ ਦੀ ਮਰਯਾਦਾ ਤੋਂ ਪ੍ਰਭਾਵਤ ਹੋ ਕੇ ਆਪਣਾ ਅਨੰਦ ਕਾਰਜ ਨਵੀਂ ਮਰਯਾਦਾ ਅਨੁਸਾਰ ਪੜਵਾਇਆ। ਦੋਵੇਂ ਬਜ਼ੁਰਗ ਹਵਨ ਆਦਿ ਕਰਵਾ ਕੇ ਵੇਦੀ ਗੱਡ ਕੇ ਲਾਵਾਂ ਲੈਣ ਲਈ ਬੈਠ ਗਏ। ਉਹਨਾਂ ਦੇ ਵੱਡੇ ਪੁੱਤਰ ਹਰੀ ਸਿੰਘ ਨੇ ਮਾਤਾ ਪਿਤਾ ਦੇ ਅਨੰਦ ਦੀਆਂ ਲਾਵਾਂ ਪੜ੍ਹੀਆਂ ਸਨ। ਦੂਰ ਨੇੜੇ ਦੀ ਸੰਗਤ ਇਹ ਅਨੋਖਾ ਅਨੰਦ ਕਾਰਜ ਦੇਖਣ ਆਈ ਅਤੇ ਤਗੜਾ ਮੇਲਾ ਹੋਇਆ ਸੀ।

ਭਾਈ ਵਜੀਰ ਸਿੰਘ ਪਿੰਡ ਰੁਪਾਣਾ (ਜ਼ਿਲਾ ਮੁਕਤਸਰ) ਨੇ ਵੀ ਵੇਦੀ ਰੀਤੀ ਨਾਲ ਕਰਵਾਏ ਵਿਆਹ ਨੂੰ ਉਧੇੜ ਕੇ ਦੁਬਾਰਾ ਗੁਰਮਤਿ ਅਨੁਸਾਰ ਵੇਦੀ ਗੱਡ ਕੇ ਹਵਨ ਕਰਵਾ ਕੇ ਆਪਣਾ ਅਨੰਦ ਪੜ੍ਹਾਇਆ ਸੀ। ਏਸੇ ਤਰ੍ਹਾਂ ਉਪਰੋਕਤ ਜ਼ਿਲੇ ਦੇ ਨਗਰ ਅਬਲ ਖੁਰਾਣਾ ਦੀ ਵਿਧਵਾ ਬੀਬੀ ਬੁਧਾਂ ਸੀ ਜਿਸ ਦਾ ਪਤੀ ਸੁਜਾਨਾ ਰਾਮ ਕੁਝ ਸਾਲ ਪਹਿਲਾਂ ਸਵਰਗ ਸਿਧਾਰ ਚੁਕਾ ਸੀ, ਉਹ ਨਾਮਧਾਰੀ ਪਰਿਵਾਰ ਸੀ ਜਿਸਦੇ ਤਿੰਨ ਪੁੱਤਰ ਮੋਨੇ ਅਤੇ ਚੌਥਾ ਕੇਸਾਧਾਰੀ ਨਾਮਧਾਰੀ ਸੀ। ਉਸਦਾ ਪੁਤਰ ਗੁਰਮੁਖ ਸਿੰਘ ਆਪਣਾ ਮਾਤਾ ਬੁਧਾਂ ਨੂੰ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਲੈ ਗਿਆ। ਪੁੱਤਰ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਉਸਦੇ ਪਿਤਾ ਜੀ ਨੂੰ ਪੂਰੇ ਹੋਇਆਂ 10 ਸਾਲ ਹੋ ਗਏ ਹਨ। ਸੋ ਉਸਦੀ ਮਾਤਾ ਜੀ ਦਾ ਮੁੜ ਗੁਰਮਤਿ ਅਨੁਸਾਰ ਕਿਸੇ ਸਿੰਘ ਨਾਲ ਅਨੰਦ ਪੜਾਇ ਦੇਵੋ। ਉਸਦੀ ਅਰਜ਼ ਸੁਣਕੇ ਸਤਿਗੁਰੂ ਹਰੀ ਸਿੰਘ ਜੀ ਬਹੁਤ ਪ੍ਰਸੰਨ ਹੋਏ ਅਤੇ ਬੀਬੀ ਬੁਧਾਂ ਦਾ ਅਨੰਦ ਬਾਬਾ ਨਰੈਣ ਸਿੰਘ ਰੋੜਿਆਂ ਵਾਲਿਆਂ ਨਾਲ ਦੁਆਰਾ ਭਾਈ ਝਾਬਾ ਸਿੰਘ (ਪਿੰਡ ਮਹਿਲਾਂ ਜ਼ਿਲਾ ਸੰਗਰੂਰ) ਨੂੰ ਬੁਲਾਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਕਰਕੇ ਦੂਹਾਂ ਦਾ ਸਾਥ ਬਣਾ ਦਿੱਤਾ। ਇਸ ਤਰ੍ਹਾਂ ਹੋਰ ਵੀ ਕਈ ਥਾਵਾਂ ਤੇ ਅਨੰਦ ਕਾਰਜ ਹੋਏ ਜਿਹਨਾਂ ਨਾਲ ਸਿਖ ਸਮਾਜ ਦੀ ਕਾਇਆ ਕਲਪ ਹੋਈ।

**ਅਨੰਦ ਕਾਰਜ ਦੀ ਇਤਿਹਾਸਕ ਸ਼ਤਾਬਦੀ ਪੁਰਬ :**

ਉਸ ਅਨੰਦ ਮਰਯਾਦਾ ਨੂੰ ਜੋ 1863 ਈ. ਤੋਂ ਸ਼ੁਰੂ ਹੋਈ ਸੀ, ਉਸਨੂੰ 1963 ਈ. ਵਿਚ ਸੌ ਸਾਲ ਸੰਪੂਰਨ ਹੋਏ ਸਨ। ਉਸ ਅਨੰਦ ਸ਼ਤਾਬਦੀ ਨੂੰ ਅਕਾਲ ਪੁਰਖ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਮਨਾਉਣ ਦਾ ਐਲਾਨ ਹੋਇਆ ਸੀ। ਸਤਿਗੁਰੂ ਜੀ ਨੇ ਐਲਾਨ ਕੀਤਾ ਸੀ ਕਿ ਅਸੀਂ ਉਸੇ ਨਗਰ ਵਿਚ 101 ਅਨੰਦ ਕਾਰਜ ਕਰਕੇ ਉਹ ਸ਼ਤਾਬਦੀ ਮਨਾਉਣੀ ਹੈ। ਸਤਿਗੁਰਾਂ ਦਾ ਐਲਾਨ ਸੁਣਕੇ ਸੰਗਤ ਵਲੋਂ ਅਨੰਦ ਕਰਵਾਉਣ ਦੀਆਂ 151 ਦਰਖਾਸਤਾਂ ਆਈਆਂ, ਸਿਖ ਜਗਤ ਵਿਚ ਉਸ ਸ਼ਤਾਬਦੀ ਨੂੰ ਮਨਾਉਣ ਲਈ ਬਹੁਤ ਉਤਸ਼ਾਹ ਸੀ। ਉਸ ਮੌਕੇ ਦੋ ਜੋੜੇ ਗੈਰ ਹਾਜ਼ਰ ਰਹੇ ਤਾਂ 149 ਜੋੜਿਆਂ ਦੇ ਅਨੰਦ ਕਾਰਜ ਦੋ ਵਾਰੀਆਂ ਵਿਚ ਚਾਰ ਲਾਵਾਂ ਦਾ ਪਾਠ ਲੱਖਾਂ ਦੀ ਗਿਣਤੀ ਵਿਚ ਹਾਜ਼ਰ ਸੰਗਤਾਂ ਦੀ ਹਾਜ਼ਰੀ ਵਿਚ ਕੀਤੇ ਗਏ। ਪਹਿਲੀ ਵਾਰੀ 101 ਜੋੜਿਆਂ ਦੇ ਫੇਰੇ ਕੀਤੇ ਗਏ, ਫਿਰ 48 ਜੋੜਿਆਂ ਦੇ ਫੇਰੇ ਦੂਜੀ ਵਾਰ ਕੀਤੇ ਗਏ। ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਸੀ - 119 ਪੰਜਾਬ ਵਿਚੋਂ, 15 ਹਿਮਾਚਲ ਪ੍ਰਦੇਸ ਵਿਚੋਂ, 10 ਰਾਜਸਥਾਨ ਜੀਵਨ ਨਗਰ ਤੋਂ, 3 ਥਾਈਲੈਂਡ ਅਤੇ 2 ਅਫਰੀਕਾ ਵਿਚੋਂ ਸਨ। ਇਸ ਪ੍ਰਕਾਰ ਸਤਿਗੁਰੂ ਜੀ ਨੇ ਉਹ ਸ਼ਤਾਬਦੀ ਮਨਾ ਕੇ ਇਤਿਹਾਸ ਨੂੰ ਮੁੜ ਦੁਹਰਾ ਕੇ ਉਸ ਇਤਿਹਾਸਕ ਘਟਨਾ ਨੂੰ ਅਮਰ ਕਰ ਦਿੱਤਾ। ■

# ਬੀ. ਐਸ. ਐਸ. ਇੰਜੀਨਿਅਰਿੰਗ ਫਗਵਾੜਾ ਵਿਖੇ ਹਵਨ ਤੇ ਦੋ ਪਾਠਾਂ ਦੇ ਭੋਗ

**8 ਮਈ 2016 ਦਿਨ ਐਤਵਾਰ**-ਬੀ. ਐਸ. ਐਸ. ਇੰਜੀਨੀਅਰਿੰਗ ਵਰਕਸ ਫਗਵਾੜਾ ਵਿਖੇ ਖੋਥੜਾਂ ਰੋਡ ਵਾਲਿਆਂ ਦੀ ਫੈਕਟਰੀ ਵਿਖੇ ਸੂਬਾ ਜਸਬੀਰ ਸਿੰਘ ਦੀ ਅਗਵਾਈ ਵਿਚ ਕੰਮਕਾਰ ਦੇ ਵਾਧੇ ਅਤੇ ਘਰ ਦੀ ਸੁਖ ਸ਼ਾਂਤੀ ਵਾਸਤੇ ਇਕ ਹਵਨ ਕੀਤਾ ਗਿਆ। ਉਪਰੰਤ ਨਾਲ ਹੀ ਉਹਨਾਂ ਦੇ ਗ੍ਰਹਿ ਵਿਖੇ ਸੰਤ ਅਜੀਤ ਸਿੰਘ ਚਾਨਾ ਦੇ ਸਮੂਹ ਪਰਿਵਾਰ ਵਲੋਂ ਦੋ ਸਧਾਰਨ ਪਾਠਾਂ ਦੇ ਭੋਗ ਪਾਏ ਗਏ ਇਕ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ ਅਤੇ ਇਕ ਪਾਠ ਦਾ ਭੋਗ ਸਮੂਹ ਪਰਿਵਾਰ ਦੀ ਤੰਦਰੁਸਤੀ ਵਾਸਤੇ ਪਾਇਆ ਗਿਆ। ਇਸ ਸ਼ੁਭ ਸਮੇਂ ਤੇ ਫਗਵਾੜਾ ਤੋਂ ਇਲਾਵਾ ਪਿੰਡ ਪੱਦੀ ਖਾਲਸਾ ਅਤੇ ਅੱਟੀ ਤੋਂ ਵੀ ਸਾਧ ਸੰਗਤ ਨੇ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਈ ਅਤੇ ਸੂਬਾ ਹਰਜੀਤ ਸਿੰਘ ਮੁਠੱਡਾ ਵੀ ਉਚੇਚੇ ਪਧਾਰੇ। ਪਾਠਾਂ ਦੇ ਭੋਗ ਉਪਰੰਤ ਸਮੂਹ ਪਰਿਵਾਰ ਨੇ ਸਾਧ ਸੰਗਤ ਨੂੰ ਪ੍ਰਸ਼ਾਦ ਪਾਣੀ ਛਕਾ ਕੇ ਸੇਵਾ ਕੀਤੀ ਅਤੇ ਸਾਰੀ ਸਾਧ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ।

**-ਬਲਦੇਵ ਸਿੰਘ ਨਾਮਧਾਰੀ ਫਗਵਾੜਾ**

# ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਮੇਲਾ



**ਪਿੰਡ ਪੱਡੇ ਜ਼ਿਲਾ ਗੁਰਦਾਸਪੁਰ ਵਿਖੇ ਹਰਿ ਜੀ ਦੇ ਡੇਰੇ ਵਿਚ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਮੇਲਾ।**

ਪਿੰਡ ਪੱਡੇ ਜ਼ਿਲਾ ਗੁਰਦਾਸਪੁਰ 19 ਅਪ੍ਰੈਲ ਸੰਨ 2016 ਦਿਨ ਮੰਗਲਵਾਰ ਨੂੰ ਸੰਤ ਹਰਿ ਜੀ ਦੇ ਡੇਰੇ ਵਿਚ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਮੇਲਾ ਹੋਇਆ। ਦੋ ਹਵਨ ਯੱਗ, 14 ਸਧਾਰਨ ਪਾਠ ਅਤੇ ਇਕ ਅਖੰਡ ਪਾਠ ਦੇ ਭੋਗ ਪਾਏ ਗਏ। ਜਥੇਦਾਰ ਕੁਲਦੀਪ ਸਿੰਘ ਮੁੰਨਣ, ਸੂਬਾ ਅਜੀਤ ਸਿੰਘ ਬਟਾਲਾ, ਬਿਕਰਮਜੀਤ ਸਿੰਘ ਕਲਾਨੌਰ, ਬਲਬੀਰ ਸਿੰਘ ਸ੍ਰੀ ਭੈਣੀ ਸਾਹਿਬ, ਜਸਵੀਰ ਸਿੰਘ ਖਿਆਲਾ, ਸੁਰਜੀਤ ਸਿੰਘ ਮੁਸਤਫਾਪੁਰ, ਗੁਰੂਬਚਨ ਸਿੰਘ ਬਹਾਦਰਸੈਨ ਆਦਿ ਜਥੇਦਾਰਾਂ ਨੇ ਦਿਵਾਨ ਸਜਾਏ। ਸ੍ਰੀ ਹਰਕੀਰਤ ਸਿੰਘ ਮਾਨ ਪਿੰਡ ਬੱਜੂਪੁਰ ਨੇ ਕਵਿਤਾ ਸੁਣਾਈ। ਬਸਾਂ ਭਰ ਕੇ ਸਾਧ ਸੰਗਤ ਬਟਾਲਾ, ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਆਦਿ ਕਈ ਥਾਵਾਂ ਤੋਂ ਆਈ। ਲੁਧਿਆਣਾ ਤੇ ਜਲੰਧਰ ਦੀਆਂ ਬੀਬੀਆਂ ਨੇ ਸ਼ਬਦ ਗਾਇਨ ਕਰਕੇ ਸਮਾਂ ਬੰਨ੍ਹਿਆ।

**-ਸੂਬਾ ਸੁਰਿੰਦਰ ਕੌਰ ਖਰਲ**

# ਵਿਛੋੜੇ ਵਾਲੀਆਂ ਘੜੀਆਂ

**ਗੁਰਮੀਤ ਸਿੰਘ ਚਾਨਾ**

*ਮਨ ਪੀੜਾ ਤਾਂ ਬ੍ਰਿਹਾ ਰਾਗ ਅਲਾਉਣਗੀਆਂ,*
*ਤੇਰੀਆਂ ਯਾਦਾਂ ਮਾਤਾ ਜੀ ਹੁਣ ਸਾਨੂੰ ਬਹੁਤ ਸਤੌਣਗੀਆਂ।*
*ਤੁਸੀਂ ਤੁਰੇ ਤਾਂ ਗਮ ਦੇ ਬਦਲ ਨੇ ਛਾਏ,*
*ਵਿਛੋੜੇ ਵਾਲੀਆਂ ਘੜੀਆਂ ਆ ਤੜਪਾਣਗੀਆਂ।*
*ਤੇਰੀਆਂ ਯਾਦਾਂ ਮਾਤਾ ਜੀ .............।*

*ਸੇਵਾ ਤੇ ਸਿਮਰਨ ਦੀ ਸਚੀ ਮੂਰਤ ਸੈਂ,*
*ਤੂੰ ਸਦਾ ਹੀ ਹਾਸੇ ਖੇੜੇ ਵਾਲੀ ਸੂਰਤ ਸੈਂ।*
*ਸੇਵਾ ਵਾਲਾ ਮਾਰਗ ਤੇਰਾ ਸਭ ਸੰਗਤਾਂ ਅਪਨਾਉਣਗੀਆਂ,*
*ਤੇਰੀਆਂ ਯਾਦਾਂ ਮਾਤਾ ਜੀ.....।*


*ਆਉਣ ਵਾਲੇ ਹਰ ਬੰਦੇ ਦੀ ਤੁਸੀਂ ਹੱਥੀਂ ਸੇਵਾ ਕਰਦੇ ਸੀ,*
*ਕੋਈ ਵੀ ਦੁਖੀਆ ਦਰ ਤੇ ਆਇਆ ਉਹਦੇ ਸਭ ਦੁਖ ਹਰਦੇ ਸੀ।*
*ਇਹ ਦਰ ਹੈ ਜਗਜੀਤ ਗੁਰੂ ਦਾ ਸਭ ਸੰਗਤਾਂ ਏਥੇ ਆਉਣਗੀਆਂ।*
*ਤੇਰੀਆਂ ਯਾਦਾਂ ਮਾਤਾ ਜੀ....*

*ਦਸ ਓਏ ਪਾਪੀਆ ਤੂੰ ਕਿਉਂ ਕਹਿਰ ਕਮਾਇਆ ਏ,*
*ਮਾਤਾ ਜੀ ਮਾਰ ਕੇ ਦਸ ਖਾਂ ਤੇਰੇ ਹੱਥ ਕੀ ਆਇਆ ਏ।*
*ਤੈਨੂੰ ਪੈਣ ਜਮਾਂ ਦੀਆਂ ਮਾਰਾਂ ਸੰਗਤਾਂ ਇਹ ਅਰਦਾਸ ਕਰਾਉਣਗੀਆਂ*
*ਤੇਰੀਆਂ ਯਾਦਾਂ ਮਾਤਾ ਜੀ....*

*ਵੇਖਿਓ ਬੱਚਿਓ ਮੇਰਿਓ ਕਿਤੇ ਭੁੱਲ ਨਾ ਜਾਇਓ,*
*ਕਿਤੇ ਝੂਠੀ ਚਮਕ ਨੂੰ ਦੇਖ ਕੇ ਡੁੱਲ ਨਾ ਜਾਇਓ।*
*ਇਹ ਗੱਦੀ ਗੁਰੂ ਰਾਮ ਸਿੰਘ ਦੀ ਸਭ ਸੰਗਤਾਂ ਸੀਸ ਝੁਕਾਉਣਗੀਆਂ।*
*ਤੇਰੀਆਂ ਯਾਦਾਂ ਮਾਤਾ ਜੀ....*

*ਮਨ ਪੀੜਾ ਤਾਂ ਬ੍ਰਿਹਾ ਗਮ ਅਲਾਉਣਗੀਆਂ,*
*ਤੇਰੀਆਂ ਯਾਦਾਂ ਮਾਤਾ ਜੀ ਹੁਣ ਸਾਨੂੰ ਬਹੁਤ ਸਤੌਣਗੀਆਂ।*

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



3 ਜੂਨ 1863 ਈ. ਨੂੰ ਪਿੰਡ ਖੋਟੇ (ਜ਼ਿਲ੍ਹਾ ਫਿਰੋਜ਼ਪੁਰ-ਹੁਣ ਮੋਗਾ) ਵਿਖੇ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਰਹਿਤ ਮਰਯਾਦਾ ਅਨੁਸਾਰ ਬਿਨਾਂ ਕਿਸੇ ਅਡੰਬਰ ਦੇ ਛੇ ਅੰਤਰਜਾਤੀ ਸਮੂਹਿਕ ਅਨੰਦ ਕਾਰਜ ਕਰਕੇ ਅਨੰਦ ਕਾਰਜਾਂ ਦੀ ਰੀਤ ਤੋਰੀ ।



Discourses of Satguru Partap Singh Ji Vol-3 (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਦਾ ਇੰਗਲਿਸ਼ ਟਰਾਂਸਲੇਸ਼ਨ) ਸ੍ਰੀ ਸਤਿਗੁਰੂ ਉਦੈ ਸਿੰਘ ਜੀ ਪਾਸੋਂ ਰਲੀਜ਼ ਕਰਵਾਉਂਦੇ ਲੇਖਕ ਸ੍ਰ. ਸੰਤ ਸਿੰਘ



ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ ਵਿਖੇ ਸ੍ਰੀ ਸਤਿਗੁਰੂ ਜੀ ਨੇ ਸ਼ਾਮ ਦੇ ਨਿਤਨੇਮ ਸਮੇਂ ਸਾਧ-ਸੰਗਤ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ - 22.5.2016



ਸ੍ਰੀ ਸਤਿਗੁਰੂ ਜੀ ਦੇ ਇਲਾਕਾ ਸ੍ਰੀ ਜੀਵਨ ਨਗਰ ਦੌਰੇ ਸਮੇਂ ਪ੍ਰਤਾਪ ਮੰਦਰ ਸੰਤ ਨਗਰ ਵਿਖੇ ਦਰਸ਼ਨ ਦੇਣ ਸਮੇਂ ਸ. ਪੰਜਾਬ ਸਿੰਘ ਸੌਖਲ ਵਲੋਂ ਅਖੰਡ ਪਾਠ ਦਾ ਭੋਗ ਪਾਇਆ ਗਿਆ, ਇਸ ਸਮੇਂ ਪਰਵਾਰ ਆਪ ਜੀ ਨੂੰ ਨਤਮਸਤਕ ਹੁੰਦਾ ਹੋਇਆ - 29 ਮਾਰਚ 2016




ਪ੍ਰੈਸ ਕਲਬ ਇੰਡੀਆ ਦਿੱਲੀ ਵਿਖੇ ਹੋਈ ਕਾਨ੍ਹਫਰੰਸ ਦੌਰਾਨ ਨਾਮਧਾਰੀ ਸੰਪਰਦਾਏ ਤੇ ਹੋ ਰਹੇ ਹਮਲੇ ਅਤੇ ਹੱਤਿਆਵਾਂ ਦੇ ਵਿਰੁੱਧ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਵਿਦਿਅਕ ਜਥੇ ਦੇ ਸਕੱਤਰ ਸਰਵ ਸੰਤ ਸੁਖਵਿੰਦਰ ਸਿੰਘ ਲਾਇਲ, ਹਰਪਾਲ ਸਿੰਘ ਸੋਧੀ, ਭੁਪਿੰਦਰ ਸਿੰਘ, ਇੰਦਰਜੀਤ ਸਿੰਘ ਅਤੇ ਚਰਨਜੀਤ ਸਿੰਘ ਚੰਨੀ - 16.05.2016

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.25 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7.11 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 14 of 26 May 2016